# ਤੁਹਾਡੇ ਬੱਚੇ ਦਾ ਟਰੱਸਟ ਫੰਡ

## ਪਬਲਿਕ ਗਾਰਡੀਅਨ ਅਤੇ ਟਰੱਸਟੀ ਨਾਲ ਕੰਮ ਕਰਨ ਲਈ ਗਾਈਡ

assistance trust facts
facts support communicatio
trust knowledge support
explanat
knowledge
facts explanation informatio


PUBLIC GUARDIAN
AND TRUSTEE OF
BRITISH COLUMBIA

**ਸਾਰੇ ਮਾਪਿਆਂ ਅਤੇ ਸਰਪਰੱਸਤਾਂ (ਗਾਰਡੀਅਨਾਂ) ਨੂੰ ਸੁਨੇਹਾ** 1

**ਬੱਚਿਆਂ ਅਤੇ ਜਵਾਨਾਂ ਨੂੰ ਸੁਨੇਹਾ** 1

**1. ਪਬਲਿਕ ਗਾਰਡੀਅਨ ਅਤੇ ਟਰੱਸਟੀ ਨਾਲ ਜਾਣ ਪਛਾਣ**

ਬੱਚਿਆਂ ਅਤੇ ਜਵਾਨਾਂ ਲਈ ਸੇਵਾਵਾਂ 2

ਬੱਚਿਆਂ ਅਤੇ ਜਵਾਨਾਂ ਦੀਆਂ ਸੇਵਾਵਾਂ ਦਾ ਪ੍ਰਬੰਧ ਕਰਨ ਵਾਲੇ ਕਾਨੂੰਨ 3

ਕਦਰਾਂ ਕੀਮਤਾਂ ਅਤੇ ਦਰਸ਼ਨ 3

**2. ਪਬਲਿਕ ਗਾਰਡੀਅਨ ਅਤੇ ਟਰੱਸਟੀ ਕੋਲ ਫੰਡ ਕਿਉਂ ਆਉਂਦੇ ਹਨ**

ਟਰੱਸਟ ਕੀ ਹੈ? 4

ਤੁਹਾਡੇ ਬੱਚੇ ਦੇ ਟਰੱਸਟ ਵਿੱਚਲੇ ਫੰਡ 4

**3. ਤੁਹਾਡੇ ਬੱਚੇ ਦੇ ਟਰੱਸਟ ਦਾ ਪ੍ਰਬੰਧ ਕਰਨਾ**

ਤੁਹਾਡੇ ਬੱਚੇ ਦਾ ਟਰੱਸਟ ਖਾਤਾ 6

ਭੇਤਦਾਰੀ (ਕਾਂਫੀਡੈਂਸ਼ੀਐਲਿਟੀ) 6

ਜਿਹੜੀ ਜਾਣਕਾਰੀ ਪ੍ਰਾਪਤ ਕਰਨ ਦੀ ਤੁਸੀਂ ਆਸ ਕਰ ਸਕਦੇ ਹੋ 6

**4. ਪੈਸਿਆਂ ਤੱਕ ਪਹੁੰਚ**

ਪੈਸਿਆਂ ਤੱਕ ਪਹੁੰਚ ਕਿਸ ਤਰ੍ਹਾਂ ਕਰਨੀ ਹੈ 7

ਪਾਲਣ-ਪੋਸਣ ਵਾਸਤੇ ਖਾਤੇ ਵਿੱਚੋਂ ਪੈਸੇ ਕੱਢਣੇ (ਰਿਲੀਜ਼ ਕਰਨੇ) 7

ਵਿਸ਼ੇਸ਼ ਮੌਕਿਆਂ ਵਾਸਤੇ ਟਰੱਸਟ ਵਿਚੋਂ ਪੈਸੇ ਕੱਢਣੇ 8

ਸਾਰਅੰਸ਼ 8

**5. ਆਖਰੀ ਵੰਡ (ਫਾਈਨਲ ਡਿਸਟ੍ਰਿਬਿਊਸ਼ਨ)**

ਟਰੱਸਟ ਫੰਡ ਵਿਚਲੇ ਪੈਸੇ ਦੇਣੇ (ਰਿਲੀਜ਼ ਕਰਨੇ) 9

ਆਪਣੇ ਬੱਚੇ ਨੂੰ ਟਰੱਸਟ ਬਾਰੇ ਦੱਸਣਾ 9

ਤੁਹਾਡੇ ਬੱਚੇ ਦੇ 19 ਸਾਲਾਂ ਦਾ ਹੋਣ ਤੋਂ ਪਹਿਲਾਂ ਯੋਜਨਾ ਬਣਾਉਣੀ 9

ਪੈਸਿਆਂ ਦੀ ਖੁਦ ਦੇਖਭਾਲ ਕਰ ਸਕਣ ਦੀ ਤੁਹਾਡੇ ਬੱਚੇ ਦੀ ਯੋਗਤਾ ਬਾਰੇ ਸਵਾਲ 10

ਜਦੋਂ ਤੁਹਾਡੇ ਬੱਚੇ ਦੀ ਯੋਗਤਾ ਬਾਰੇ ਤੁਹਾਡੇ ਮਨ ਵਿੱਚ ਗੰਭੀਰ ਫਿਕਰ ਹੋਣ 10

**6. ਆਪਣੇ ਬੱਚੇ ਦੇ ਪੈਸਿਆਂ ਦਾ ਨਿਵੇਸ਼ ਕਰਨਾ**

ਪਬਲਿਕ ਗਾਰਡੀਅਨ ਅਤੇ ਟਰੱਸਟੀ ਪ੍ਰੀਮੀਅਮ ਮਨੀ ਮਾਰਕਿਟ ਫੰਡ 11

ਪਬਲਿਕ ਗਾਰਡੀਅਨ ਅਤੇ ਟਰੱਸਟੀ ਦੀ ਨਿਵੇਸ਼ ’ਤੇ ਫੀਸ 11

**7. ਪਬਲਿਕ ਗਾਰਡੀਅਨ ਅਤੇ ਟਰੱਸਟੀ ਦੀ ਫੀਸ**

ਕੈਪੀਟਲ ਉੱਪਰ ਕਮਿਸ਼ਨ 12

ਆਮਦਨੀ (ਇਨਕਮ) ’ਤੇ ਕਮਿਸ਼ਨ 12

ਜਾਇਦਾਦ (ਐਸਿੱਟਸ) ਦੇ ਪ੍ਰਬੰਧ ਲਈ ਫੀਸ 12

ਟਰੱਸਟੀ ਦੇ ਖਾਤੇ ’ਤੇ ਲੱਗਣ ਵਾਲੀਆਂ ਹੋਰ ਫੀਸਾਂ 12

ਗੁੱਡਜ਼ ਐਂਡ ਸਰਵਿਸਜ਼ ਟੈਕਸ 12

ਕਰਾਂ ’ਚ ਛੋਟ (ਟੈਕਸ ਡਿਡਕਟੇਬਿਲਟੀ) 12

**8. ਬੱਚਿਆਂ ਦੇ ਫੰਡਾਂ ਬਾਰੇ ਟੈਕਸ ਦੀ ਜਾਣਕਾਰੀ**

ਸੋਸ਼ਲ ਇੰਸ਼ੋਰੈਂਸ ਨੰਬਰ 13

ਆਮਦਨੀ ’ਤੇ ਟੈਕਸ ਲਈ ਲੋੜਾਂ 13

ਆਮਦਨੀ ਜਿਸ ’ਤੇ ਟੈਕਸ ਲੱਗ ਸਕਦਾ ਹੈ 13

ਛੋਟਾਂ ਅਤੇ ਵਿਸ਼ੇਸ਼ ਲਿਹਾਜ਼ 13

ਟਰੱਸਟ ਵਿਚ ਮਿਲੀ ਰਕਮ ਜਿਹਨੂੰ ਟੈਕਸ ਤੋਂ ਛੋਟ ਹੋਵੇ 13

ਬੱਚੇ ਨੂੰ 19 ਸਾਲ ਦੀ ਉਮਰ ਵੇਲੇ ਦਿੱਤੇ ਪੈਸਿਆਂ ਉੱਪਰ ਟੈਕਸ 14

ਟੈਕਸ ਰੀਟਰਨ ਭਰਨੀ 14

ਆਪਣੇ ਬੱਚੇ ਦੇ ਆਮਦਨੀ ਟੈਕਸ ਦੀ ਅਦਾਇਗੀ ਕਰਨੀ 14

ਜੀ ਐਸ ਟੀ ਦੇ ਮੁੜਨ ਵਾਲੇ ਪੈਸੇ (ਰੀਬੇਟ) ਜਾਂ ਕਰੈਡਿੱਟ 14

ਕਲੇਮ ਵਿਚਲੀਆਂ ਜਿਹੜੀਆਂ ਛੋਟਾਂ ਬੱਚਾ ਲੈ ਸਕਦਾ ਹੈ 14

ਆਪਣੇ ਬੱਚੇ ਨੂੰ ਨਿਰਭਰ ਵਜੋਂ ਕਲੇਮ ਕਰਨਾ 14

ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ (ਆਰ ਆਰ ਐਸ ਪੀ) 15

ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲੈਨ (ਆਰ ਈ ਐਸ ਪੀ) 15

ਸੀ ਪੀ ਪੀ ਦੇ ਯਤੀਮ ਦੇ ਭੱਤੇ (ਔਰਫਨ’ਸ ਬੈਨਿਫਿੱਟਸ) 15

**9. ਟਰੱਸਟਾਂ ’ਤੇ ਨਿਗਰਾਨੀ ਰੱਖਣੀ**

ਬੱਚੇ ਦੇ ਟਰੱਸਟ ਵਾਸਤੇ ਪ੍ਰਾਈਵੇਟ ਟਰੱਸਟੀ 15

ਨਿਗਰਾਨੀ ਅਤੇ ਸਹਾਇਤਾ 15

ਪ੍ਰਾਈਵੇਟ ਟਰੱਸਟੀ ਬਣਨ ਲਈ ਅਰਜ਼ੀ ਕਰਨੀ। 16

**10. ਸਿੱਟਾ** 16

# ਇਕ ਸੁਨੇਹਾ

## ਸਾਰੇ ਮਾਪਿਆਂ ਅਤੇ ਸਰਪਰੱਸਤਾਂ (ਗਾਰਡੀਅਨਾਂ) ਵਾਸਤੇ

ਇਹ ਗਾਈਡ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੇ ਕੰਮਾਂ ਅਤੇ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਸਮਝਣ ਵਿੱਚ ਤੁਹਾਡੀ ਮਦਦ ਵਾਸਤੇ ਤਿਆਰ ਕੀਤੀ ਗਈ ਹੈ ਅਤੇ ਇਹ ਦੱਸਣ ਲਈ ਤਿਆਰ ਕੀਤੀ ਗਈ ਹੈ ਕਿ ਆਪਾਂ ਰਲ ਕੇ ਤੁਹਾਡੇ ਬੱਚੇ ਦੇ ਟਰੱਸਟ ਫੰਡਾਂ ਦੀ ਸਹੀ ਤਰੀਕੇ ਨਾਲ ਵਰਤੋਂ ਤੇ ਦੇਖਭਾਲ ਕਿਸ ਤਰ੍ਹਾਂ ਕਰ ਸਕਦੇ ਹਾਂ।

ਇਹ ਜਾਣਕਾਰੀ ਮਾਪਿਆਂ ਵਲੋਂ ਟਰੱਸਟ ਸੰਚਾਲਨ (ਮੈਨੇਜ ਕਰਨ) ਦੇ ਸਾਰੇ ਪੱਖਾਂ ਬਾਰੇ ਜਾਣਨ ਦੀ ਲੋੜ ਦੇ ਪ੍ਰਗਟਾਵੇ ਦੇ ਜੁਆਬ ਵਿੱਚ ਤਿਆਰ ਕੀਤੀ ਗਈ ਹੈ। ਨਾਲ ਹੀ, ਸਾਡੇ ਸਟਾਫ ਵਲੋਂ ਵੀ ਲੰਮੇ ਸਮੇਂ ਤੋਂ ਇਹ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਇਸ ਕਿਸਮ ਦੀ ਜਾਣਕਾਰੀ ਮਾਪਿਆਂ ਅਤੇ ਸਰਪਰੱਸਤਾਂ ਵਾਸਤੇ ਮਦਦਗਾਰ ਹੋ ਸਕਦੀ ਹੈ।

ਆਮ ਤੌਰ ’ਤੇ ਪੈਸੇ ਨਾਲ ਸਬੰਧਤ ਅਦਾਲਤੀ ਫੈਸਲੇ ਅਤੇ ਨਿਰਨੇ (ਅਵਾਰਡਜ਼ ਐਂਡ ਸੈਂਟਲਮੈਂਟ) ਤੁਹਾਨੂੰ, ਤੁਹਾਡੇ ਬੱਚੇ ਜਾਂ ਤੁਹਾਡੇ ਪਰਿਵਾਰ ਨੂੰ ਹੋਏ ਕਿਸੇ ਨੁਕਸਾਨ ਦੇ ਨਤੀਜੇ ਵਜੋਂ ਕੀਤੇ ਜਾਂਦੇ ਹਨ। ਅਸੀਂ ਇਹ ਗੱਲ ਭਲੀਭਾਂਤ ਸਮਝਦੇ ਹਾਂ ਕਿ ਕਿਸੇ ਨੁਕਸਾਨ ਦਾ ਪਰਿਵਾਰ ’ਤੇ ਕਿੰਨਾ ਗੰਭੀਰ ਅਸਰ ਹੋ ਸਕਦਾ ਹੈ, ਅਤੇ ਆਸ ਕਰਦੇ ਹਾਂ ਕਿ ਇਹ ਜਾਣਕਾਰੀ ਤੁਹਾਡੀ ਕੁਝ ਮਦਦ ਕਰੇਗੀ ਅਤੇ ਲੋੜ ਵੇਲੇ ਹੌਸਲਾ ਦੇਵੇਗੀ।

ਕਿਰਪਾ ਕਰਕੇ ਇਹ ਗੱਲ ਧਿਆਨ ਵਿੱਚ ਰੱਖਿਓ ਕਿ ਇਹ ਗਾਈਡ ਬਹੁਤ ਸਾਰੇ ਵੱਖਰੇ ਵੱਖਰੇ ਸਵਾਲਾਂ ਨੂੰ ਮੁਖਾਤਬ ਹੈ ਅਤੇ ਇਸ ਕਰਕੇ ਸੰਭਵ ਹੈ ਕਿ ਤੁਹਾਡੇ ਬੱਚੇ ਦੇ ਟਰੱਸਟ ਸਬੰਧੀ ਵਿਸ਼ੇਸ਼ ਮਸਲਿਆਂ ਦਾ ਜਵਾਬ ਨਾ ਦਿੰਦੀ ਹੋਵੇ।

ਜੇ ਤੁਹਾਨੂੰ ਕੋਈ ਹੋਰ ਵਾਧੂ ਜਾਣਕਾਰੀ ਦੀ ਲੋੜ ਹੋਵੇ, ਜਾਂ ਤੁਸੀਂ ਆਪਣੇ ਬੱਚੇ ਦੇ ਟਰੱਸਟ ਸਬੰਧੀ ਕੁਝ ਗੱਲਾਂ ਨੂੰ ਹੋਰ ਵਿਸਥਾਰ ਵਿੱਚ ਵਿਚਾਰਨਾ ਚਾਹੋ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਟਰੱਸਟ ਮੈਨੇਜਰ ਨਾਲ ਸੰਪਰਕ ਕਰਨ ਤੋਂ ਨਾ ਝਿਜਕਣਾ।

## ਬੱਚੇ ਅਤੇ ਜਵਾਨ

ਭਾਵੇਂ ਇਹ ਗਾਈਡ ਉਨ੍ਹਾਂ ਮਾਪਿਆਂ ਅਤੇ ਸਰਪਰੱਸਤਾਂ ਨੂੰ ਮੁਖਾਤਬ ਹੈ ਜਿਨ੍ਹਾਂ ਦੇ ਬੱਚਿਆਂ ਦੇ ਟਰੱਸਟ ਫੰਡ ਪਬਲਿਕ ਗਾਰਡੀਅਨ ਅਤੇ ਟਰੱਸਟੀ ਕੋਲ ਹਨ, ਸਾਨੂੰ ਆਸ ਹੈ ਕਿ ਇਹ ਤੁਹਾਡੇ ਲਈ ਵੀ ਮਦਦਗਾਰ ਤੇ ਦਿਲਚਸਪੀ ਵਾਲੀ ਹੋਵੇਗੀ। ਸਾਨੂੰ ਪਤਾ ਹੈ ਕਿ ਤੁਹਾਡੇ ਮਨ ਵਿੱਚ ਤੁਹਾਡੇ ਟਰੱਸਟ ਬਾਰੇ ਅਤੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਤੁਹਾਡੇ ਪੈਸੇ ਦਾ ਕਿਸ ਤਰ੍ਹਾਂ ਪ੍ਰਬੰਧ ਕਰਦੇ ਹਨ, ਬਾਰੇ ਸਵਾਲ ਹੋਣਗੇ, ਅਤੇ ਇਹ ਗਾਈਡ ਤੁਹਾਡੇ ਬਹੁਤੇ ਸਵਾਲਾਂ ਦੇ ਜਵਾਬ ਦੇਵੇਗੀ। ਅਸੀਂ ਤੁਹਾਡੇ ਸਵਾਲਾਂ ਅਤੇ ਵਿਚਾਰਾਂ ਤੇ ਸੁਝਾਵਾਂ ਨੂੰ ਜੀਅ ਆਇਆਂ ਆਖਦੇ ਹਾਂ ਅਤੇ ਅਸੀਂ ਆਪਣੀ ਪੂਰੀ ਕੋਸ਼ਿਸ਼ ਕਰਾਂਗੇ ਕਿ ਤੁਹਾਡੇ ਵਲੋਂ ਮੰਗੀ ਹਰ ਜਾਣਕਾਰੀ ਦੇ ਸਕੀਏ।

## ਅਸੀਂ ਚਾਹੁੰਦੇ ਹਾਂ ਕਿ ਤੁਸੀਂ ਜਾਣੋ:

- ਟਰੱਸਟ ਤੁਹਾਡੇ ਪੈਸੇ ਹਨ।
- ਪਬਲਿਕ ਗਾਰਡੀਅਨ ਅਤੇ ਟਰੱਸਟੀ ਵਲੋਂ ਤੁਹਾਡੇ ਪੈਸੇ ਸਾਂਭਣ ਦਾ ਸਾਰਾ ਸੰਕਲਪ ਹੀ ਇਸ ਗੱਲ ’ਤੇ ਅਧਾਰਤ ਹੈ ਕਿ ਤੁਹਾਡੇ ਹਿੱਤਾਂ ਅਤੇ ਹੱਕਾਂ ਦੀ ਰਾਖੀ ਕਰਨੀ, ਕਿਉਂਕਿ ਕਾਨੂੰਨੀ ਤੌਰ ’ਤੇ ਇਹ ਮੰਨਿਆ ਗਿਆ ਹੈ ਕਿ ਤੁਹਾਨੂੰ – ਇਕ ਬੱਚਾ ਜਾਂ ਜਵਾਨ ਹੋਣ ਦੀ ਸੂਰਤ ਵਿੱਚ – ਹੋਰ ਮੱਦਦ ਅਤੇ ਸਹਾਇਤਾ ਦੀ ਲੋੜ ਹੈ। ਇਹ ਤੁਹਾਡੀ ਜਾਂ ਤੁਹਾਡੇ ਪਰਿਵਾਰ ਦੀ ਯੋਗਤਾ ਦੇ ਪ੍ਰਤੀਕਰਮ ਵਜੋਂ ਨਹੀਂ ਹੈ। ਇਹ ਬੀ ਸੀ ਦੇ ਸਾਰੇ ਬੱਚਿਆਂ ਦੇ ਬਚਾਅ ਵਾਸਤੇ ਕਾਨੂੰਨ ਹੈ।
- ਤੁਹਾਨੂੰ ਤੁਹਾਡੇ ਪੈਸੇ ਉਦੋਂ ਮਿਲਣਗੇ ਜਦੋਂ ਤੁਸੀਂ 19 ਸਾਲ ਦੇ ਹੋ ਜਾਉਗੇ ਜਾਂ ਤੁਹਾਡੇ ਟਰੱਸਟ ਜਾਂ ਵਸੀਹਤ ਵਿੱਚ ਦਿੱਤੀ ਹਦਾਇਤ ਅਨੁਸਾਰ ਦਿੱਤੇ ਜਾਣਗੇ। ਜਿਹੜੇ ਪੈਸੇ ਤੁਹਾਨੂੰ ਮਿਲਣਗੇ ਉਸ ਵਿੱਚ ਜਿਹੜਾ ਵੀ ਤੁਹਾਡੇ ਪੈਸੇ ਨੇ ਵਿਆਜ਼ ਕਮਾਇਆ ਹੋਵੇ, ਸ਼ਾਮਲ ਹੋਵੇਗਾ ਅਤੇ ਇਸ ਵਿਚੋਂ ਉਹ ਪੈਸੇ ਕੱਢੇ ਜਾਣਗੇ ਜਿਹੜੇ ਤੁਸੀਂ ਪਹਿਲਾਂ ਲੈ ਚੁੱਕੇ ਹੋਵੋ ਜਾਂ ਖਰਚ ਚੁੱਕੇ ਹੋਵੋ ਅਤੇ ਸਾਡੀ ਫੀਸ।
- ਤੁਸੀਂ ਪੈਸਿਆਂ ਦੇ ਪ੍ਰਬੰਧ ਨਾਲ ਸਬੰਧਤ ਫੈਸਲਿਆਂ ਵਿੱਚ ਹਿੱਸਾ ਲੈ ਸਕਦੇ ਹੋ।
- ਅਸੀਂ ਤੁਹਾਨੂੰ ਉਤਸ਼ਾਹਿਤ ਕਰਦੇ ਹਾਂ ਕਿ ਆਪਣੇ ਟਰੱਸਟ ਬਾਰੇ ਜਿਹੜੀ ਵੀ ਜਾਣਕਾਰੀ ਦੀ ਤੁਸੀਂ ਲੋੜ ਮਹਿਸੂਸ ਕਰੋ, ਉਸ ਸਬੰਧੀ ਤੁਸੀਂ ਆਪਣੇ ਮਾਪਿਆਂ ਅਤੇ ਸਰਪਰੱਸਤਾਂ ਨਾਲ ਗੱਲਬਾਤ ਕਰੋ।
- ਜੇ ਤੁਹਾਡੇ ਮਨ ਵਿੱਚ ਕੋਈ ਵੀ ਸਵਾਲ ਹੋਣ ਤਾਂ ਕਿਰਪਾ ਕਰਕੇ ਸਾਨੂੰ ਪੁੱਛੋ। ਅਸੀਂ ਤੁਹਾਡੀ ਮਦਦ ਕਰਨ ਦੀ ਆਪਣੀ ਵਲੋਂ ਪੂਰੀ ਵਾਹ ਲਾਵਾਂਗੇ।

ਸ਼ੁੱਭਚਿੰਤਕ

ਜੇ ਚਾਲਕੇ
*ਪਬਲਿਕ ਗਾਰਡੀਅਨ ਐਂਡ ਟਰੱਸਟੀ ਆਫ ਬੀ ਸੀ*
*ਜੁਲਾਈ 2000*

# 1 ਪਬਲਿਕ ਗਾਰਡੀਅਨ ਅਤੇ ਟਰੱਸਟੀ ਨਾਲ ਜਾਣ ਪਛਾਣ

ਬੀ ਸੀ ਦਾ ਪਬਲਿਕ ਗਾਰਡੀਅਨ ਅਤੇ ਟਰੱਸਟੀ ਸੂਬੇ ਦੇ ਕਾਨੂੰਨ ਥੱਲੇ ਕੰਮ ਕਰਦਾ ਹੈ:

- ਬੱਚਿਆਂ ਦੇ ਕਾਨੂੰਨੀ ਹੱਕ ਅਤੇ ਆਰਥਿਕ ਹਿੱਤਾਂ ਦੀ ਰਾਖੀ ਕਰਨ ਲਈ
- ਜਿਹੜੇ ਬਾਲਗਾਂ ਨੂੰ ਪੈਸੇ ਨਾਲ ਸਬੰਧਤ ਅਤੇ ਜਾਤੀ ਫੈਸਲੇ ਕਰਨ ਲਈ ਮਦਦ ਦੀ ਲੋੜ ਹੋਵੇ ਉਨ੍ਹਾਂ ਦੀ ਸਹਾਇਤਾ ਕਰਨ ਲਈ
- ਗੁਜ਼ਰ ਗਏ ਜਾਂ ਲਾਪਤਾ ਹੋਏ ਉਨ੍ਹਾਂ ਲੋਕਾਂ, ਜਿਨ੍ਹਾਂ ਦਾ ਕੋਈ ਨਾ ਹੋਵੇ, ਦੀ ਜਾਇਦਾਦ ਦੀ ਦੇਖਭਾਲ ਕਰਨ ਲਈ

ਪਬਲਿਕ ਗਾਰਡੀਅਨ ਅਤੇ ਟਰੱਸਟੀ ਇਕ ਅਜ਼ਾਦ ਅਤੇ ਬੇਲਾਗ ਸਰਕਾਰੀ ਅਧਿਕਾਰੀ ਹੈ, ਜਿਹੜਾ ਆਪਣੀਆਂ ਅਸਾਮੀਆਂ (ਕਲਾਇੰਟਸ) ਨੂੰ, ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਨੂੰ ਅਤੇ ਆਮ ਲੋਕਾਂ ਨੂੰ ਜਵਾਬਦੇਹ ਹੈ।

## ਬੱਚਿਆਂ ਅਤੇ ਜਵਾਨਾਂ ਲਈ ਸੇਵਾਵਾਂ

ਪਬਲਿਕ ਗਾਰਡੀਅਨ ਅਤੇ ਟਰੱਸਟੀ ਅੰਦਰ ਸੇਵਾਵਾਂ ਦੇਣ ਵਾਲੀ ਬੱਚਿਆਂ ਅਤੇ ਜਵਾਨਾਂ ਲਈ ਸੇਵਾਵਾਂ (ਚਾਈਲਡ ਐਂਡ ਯੂਥ ਸਰਵਿਸਜ਼), ਨਾਂ ਦੀ ਇਕ ਸ਼ਾਖ, ਨਾਬਾਲਗਾਂ ਨਾਲ ਸਬੰਧਤ ਨਿੱਜੀ ਸੱਟਪੇਟ ਲੱਗਣ ਦੇ ਸਾਰੇ ਫੈਸਲਿਆਂ, ਕਾਨੂੰਨੀ ਸਮਝੌਤਿਆਂ, ਟਰੱਸਟਾਂ ਅਤੇ ਜਾਇਦਾਦਾਂ ਉੱਪਰ ਨਜ਼ਰਸਾਨੀ ਕਰਕੇ 19 ਸਾਲ ਤੋਂ ਘੱਟ ਉਮਰ ਦੇ ਬ੍ਰਿਟਿਸ਼ ਕੋਲੰਬੀਅਨਾਂ ਦੇ ਹੱਕਾਂ ਦੀ ਰਾਖੀ ਕਰਦੀ ਹੈ। ਇਹ ਇਸ ਗੱਲ ਨੂੰ ਯਕੀਨੀ ਬਣਾਉਂਦੀ ਹੈ ਕਿ ਹਰ ਕਿਸਮ ਦੇ ਅਦਾਲਤੀ ਅਮਲਾਂ (ਜਿਵੇਂ ਕਿ ਗੈਰ-ਫੌਜਦਾਰੀ ਕਾਨੂੰਨੀ ਮਾਮਲਿਆਂ) ਵਿੱਚ ਬੱਚਿਆਂ ਨੂੰ ਸਹੀ ਨੁਮਾਇੰਦਗੀ ਮਿਲ ਰਹੀ ਹੈ ਅਤੇ ਬੱਚੇ ਦੇ ਟਰੱਸਟ ਵਿੱਚ ਪਏ ਪੈਸੇ ਦਾ ਪ੍ਰਬੰਧ ਕਰਦੀ ਹੈ।

ਬੱਚਿਆਂ ਅਤੇ ਜਵਾਨਾਂ ਲਈ ਸੇਵਾਵਾਂ (ਚਾਈਲਡ ਐਂਡ ਯੂਥ ਸਰਵਿਸਜ਼) ਦੀਆਂ ਜ਼ਿੰਮੇਵਾਰੀਆਂ ਵਿੱਚ ਹੇਠ ਲਿਖੀਆਂ ਜ਼ਿੰਮੇਵਾਰੀਆਂ ਸ਼ਾਮਲ ਹਨ:

### ਬੱਚਿਆਂ ਦੇ ਕਾਨੂੰਨੀ ਹਿੱਤਾਂ ਦੀ ਨਜ਼ਰਸਾਨੀ

ਪਬਲਿਕ ਗਾਰਡੀਅਨ ਅਤੇ ਟਰੱਸਟੀ ਕਾਨੂੰਨੀ ਤੌਰ 'ਤੇ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੈ ਕਿ ਬੱਚੇ ਦੇ ਕਾਨੂੰਨੀ ਹੱਕ ਅਤੇ ਆਰਥਿਕ ਹਿੱਤ ਪੂਰੀ ਤਰ੍ਹਾਂ ਸੁਰੱਖਿਅਤ ਹੋਣ। ਉਦਾਹਰਨ ਵਜੋਂ, ਜਦੋਂ ਕਿਸੇ ਹੋਰ ਦੀ ਅਣਗਹਿਲੀ ਕਾਰਨ ਕਿਸੇ ਬੱਚੇ ਦੇ ਚੋਟਾਂ ਲੱਗ ਜਾਣ ਤਾਂ ਉਨ੍ਹਾਂ ਚੋਟਾਂ ਕਾਰਨ ਪੈਦਾ ਹੋਣ ਵਾਲੇ ਕਾਨੂੰਨੀ ਦਾਅਵਿਆਂ ਦਾ ਨਿਪਟਾਰਾ ਕਰਨ ਲਈ ਉਹ ਵਿਅਕਤੀ ਜਾਂ ਉਸ ਵਿਅਕਤੀ ਦਾ ਬੀਮਾ ਕਰਨ ਵਾਲੇ ਬੱਚੇ ਨੂੰ ਪੈਸੇ ਦੇਣ ਲਈ ਸਹਿਮਤ ਹੋ ਸਕਦੇ ਹਨ। ਅਜਿਹੀ ਸਥਿਤੀ ਵਿੱਚ ਪਬਲਿਕ ਗਾਰਡੀਅਨ ਅਤੇ ਟਰੱਸਟੀ ਉਸ ਬੱਚੇ ਨੂੰ ਮਿਲਣ ਵਾਲੀ ਰਕਮ ਦੀ ਨਜ਼ਰਸਾਨੀ ਕਰਨਗੇ ਤਾਂ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾ ਸਕੇ ਕਿ ਬੱਚੇ ਨੂੰ ਸਹੀ ਸਹੀ ਮੁਆਵਜ਼ਾ ਮਿਲ ਰਿਹਾ ਹੈ।

## ਮੰਤਵ

**ਪਬਲਿਕ ਗਾਰਡੀਅਨ ਅਤੇ ਟਰੱਸਟੀ ਦਾ ਮੰਤਵ ਹੈ ਬੱਚਿਆਂ ਅਤੇ ਬਾਲਗਾਂ ਦੇ ਕਾਨੂੰਨੀ ਹੱਕਾਂ ਦੀ ਰਾਖੀ ਕਰਨੀ ਅਤੇ ਉਨ੍ਹਾਂ ਦੇ ਆਰਥਿਕ ਅਤੇ ਜਾਤੀ ਹਿੱਤਾਂ ਨੂੰ ਸੁਰੱਖਿਅਤ ਰੱਖਣਾ ਅਤੇ ਗੁਜ਼ਰ ਚੁੱਕੇ ਵਿਅਕਤੀਆਂ ਦੀ ਜਾਇਦਾਦ ਦੀ ਦੇਖਭਾਲ ਕਰਨੀ।**

### ਕਾਨੂੰਨੀ ਹੱਕਾਂ ਦੀ ਪੈਰਵਾਈ

ਪਬਲਿਕ ਗਾਰਡੀਅਨ ਅਤੇ ਟਰੱਸਟੀ ਸੂਬੇ ਦੀ ਦੇਖ ਰੇਖ ਵਿਚਲੇ ਬੱਚਿਆਂ ਦੇ ਮੁਕੱਦਮਿਆਂ ਦੀ ਸਰਪਰਸਤੀ ਕਰਦਾ ਹੈ। ਇਸ ਦਾ ਅਰਥ ਹੈ ਕਿ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੀ ਇਹ ਜ਼ਿੰਮੇਵਾਰੀ ਹੈ ਕਿ ਦੇਖ ਰੇਖ ਵਿਚਲੇ ਬੱਚਿਆਂ ਵਲੋਂ ਕਾਨੂੰਨੀ ਕਾਰਵਾਈ ਕਰੇ। ਅਸੀਂ ਇਹ ਕੰਮ ਉਦੋਂ ਵੀ ਆਪਣੇ ਜ਼ਿੰਮੇ ਲੈਂਦੇ ਹਾਂ ਜਦੋਂ ਬੱਚੇ ਦੇ ਕਾਨੂੰਨੀ ਹਿੱਤ ਉਸ ਦੇ ਮਾਪਿਆਂ ਅਤੇ ਸਰਪਰੱਸਤਾਂ ਨਾਲ ਨਾ ਮਿਲਦੇ ਹੋਣ ਜਾਂ ਜਦੋਂ ਬੱਚੇ ਦੇ ਕਾਨੂੰਨੀ ਹਿੱਤਾਂ ਦੀ ਰਾਖੀ ਲਈ ਕੋਈ ਸਰਪਰੱਸਤ ਨਾ ਹੋਵੇ। ਜੇ ਕੋਈ ਹੋਰ ਬਾਲਗ ਬੱਚੇ ਦੇ ਹਿੱਤਾਂ ਦੀ ਰਾਖੀ ਕਰਨ ਵਾਲਾ ਨਾ ਹੋਵੇ ਤਾਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਸਕਦਾ ਹੈ ਜਾਂ ਚਾਲੂ ਰੱਖ ਸਕਦਾ ਹੈ ਤਾਂ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾ ਸਕੇ ਕਿ ਬੱਚੇ ਨੂੰ ਹੋਏ ਚੋਟਾਂ ਦਾ ਸਹੀ ਮੁਆਵਜ਼ਾ ਮਿਲੇ ਜਾਂ ਬੱਚੇ ਦੀ ਜਾਇਦਾਦ ਸੁਰੱਖਿਅਤ ਰਹੇ।

### ਟਰੱਸਟ ਦਾ ਪ੍ਰਬੰਧ

ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ ਇਸ ਗੱਲ ਦਾ ਅਧਿਕਾਰ ਹੋ ਸਕਦਾ ਹੈ ਕਿ ਉਹ ਬੱਚੇ ਵਾਸਤੇ ਫੰਡ ਸੁਰੱਖਿਅਤ ਰੱਖੇ, ਜਿਹੜੇ ਕਿਸੇ ਵਸੀਅਤਨਾਮੇ 'ਚ ਹੋਣ, ਟਰੱਸਟ ਸਮਝੌਤੇ ਥੱਲੇ ਹੋਣ, ਅਦਾਲਤ ਦੇ ਹੁਕਮ ਥੱਲੇ ਜਾਂ ਕਾਨੂੰਨ ਥੱਲੇ ਆਉਂਦੇ ਹੋਣ। ਉਦਾਹਰਨ ਲਈ ਬੱਚੇ ਨੂੰ ਬੀਮੇ ਦੀ ਪਾਲਿਸੀ ਤੋਂ, ਕਿਸੇ ਸੱਟ-ਚੋਟ ਦੇ ਮੁਆਵਜ਼ੇ ਲਈ ਹੋਏ ਫੈਸਲੇ ਤੋਂ, ਜਾਂ ਕਿਸੇ ਕੰਮ ਤੋਂ, ਜਿਵੇਂ ਕਿ ਮਨਪਰਚਾਵੇ ਦੀ ਸਨਅਤ ਵਿੱਚ ਕੀਤੇ ਕਿਸੇ ਕੰਮ ਤੋਂ, ਪੈਸੇ ਮਿਲਣ ਵਾਲੇ ਹੋ ਸਕਦੇ ਹਨ। ਇਹ ਪੈਸੇ ਆਮ ਤੌਰ 'ਤੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ ਬੱਚੇ ਦੇ ਟਰੱਸਟ ਵਜੋਂ ਦਿੱਤੇ ਜਾਂਦੇ ਹਨ, ਜਿੱਥੇ ਬੱਚੇ ਵਲੋਂ 19 ਸਾਲ ਦੀ ਉਮਰ ਦਾ ਹੋਣ ਤੱਕ ਇਨ੍ਹਾਂ ਨੂੰ ਬੱਚੇ ਵਲੋਂ ਨਿਵੇਸ਼ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

## ਹੱਕੀ ਮਿਲਣ ਵਾਲੇ ਪੈਸਿਆਂ ਦੀ ਪੈਰਵਾਈ

ਜੇ ਬੱਚਾ ਯਤੀਮ ਹੋ ਜਾਵੇ ਅਤੇ ਕਿਸੇ ਬਾਲਗ ਨੂੰ ਉਸ ਦਾ ਸਰਪਰੱਸਤ ਨਿਯੁਕਤ ਨਾ ਕੀਤਾ ਜਾਵੇ ਜਾਂ ਜਦੋਂ ਬੱਚੇ ਨੂੰ ਪੱਕੇ ਤੌਰ 'ਤੇ ਸੂਬੇ ਦੀ ਦੇਖ ਰੇਖ ਵਿੱਚ ਲੈ ਲਿਆ ਜਾਵੇ (ਉਸ ਬੱਚੇ ਵਾਸਤੇ ਚਾਲੂ ਰਹਿਣ ਵਾਲੇ ਕਸਟੱਡੀ ਆਰਡਰ ਜ਼ਾਰੀ ਕੀਤੇ ਜਾਣ), ਇਸ ਹਾਲਤ ਵਿੱਚ ਪਬਲਿਕ ਗਾਰਡੀਅਨ ਅਤੇ ਟਰੱਸਟੀ ਉਸ ਬੱਚੇ ਦੀ ਜਾਇਦਾਦ ਦਾ ਸਰਪਰੱਸਤ ਬਣ ਜਾਂਦਾ ਹੈ।

ਜਾਇਦਾਦ ਦੇ ਸਰਪਰੱਸਤ ਵਜੋਂ, ਪਬਲਿਕ ਗਾਰਡੀਅਨ ਅਤੇ ਟਰੱਸਟੀ ਬੱਚੇ ਦੇ ਆਰਥਿਕ ਅਤੇ ਕਾਨੂੰਨੀ ਹਿੱਤਾਂ ਦੀ ਰਖਵਾਲੀ ਲਈ ਜ਼ਿੰਮੇਵਾਰ ਹੈ। ਇਸ ਵਿੱਚ ਉਨ੍ਹਾਂ ਆਰਥਿਕ ਫਾਇਦਿਆਂ ਦਾ ਫੈਸਲਾ ਕਰਨਾ ਅਤੇ ਉਨ੍ਹਾਂ ਨੂੰ ਸੁਰੱਖਿਅਤ ਕਰਨਾ ਸ਼ਾਮਲ ਹੈ ਜਿਹੜੇ ਆਰਥਿਕ ਫਾਇਦਿਆਂ ਦਾ ਬੱਚਾ ਹੱਕਦਾਰ ਹੈ, ਜਿਵੇਂ ਕਿ:

- ਜੀਵਨ ਬੀਮਾ
- ਸੀ ਪੀ ਪੀ ਵਿਚਲੇ ਯਤੀਮ ਦੇ ਫੰਡ
- ਡਬਲਿਊ ਸੀ ਬੀ ਕਰਿਮੀਨਲ ਇੰਜਰੀ ਅਵਾਰਡ
- ਕਿਸੇ ਜਾਇਦਾਦ ਤੋਂ ਵਿਰਸੇ 'ਚ ਮਿਲਣ ਵਾਲੇ ਪੈਸੇ

ਜਿਵੇਂ ਕਿ ਆਮ ਤੌਰ 'ਤੇ ਇਕ ਮਾਪਾ ਹੁੰਦਾ ਹੈ, ਉਸੇ ਤਰ੍ਹਾਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਬੱਚੇ ਦੀ ਜਾਇਦਾਦ ਦਾ ਸਰਪਰੱਸਤ ਹੁੰਦਾ ਹੈ, ਪਬਲਿਕ ਗਾਰਡੀਅਨ ਅਤੇ ਟਰੱਸਟੀ ਬੱਚੇ ਵਲੋਂ ਫਾਇਦਿਆਂ ਲਈ ਅਰਜ਼ੀ ਕਰਦਾ ਹੈ ਅਤੇ ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਬੱਚੇ ਨੂੰ ਉਸ ਦੇ ਬਣਦੇ ਸਾਰੇ ਫਾਇਦੇ ਪ੍ਰਾਪਤ ਹੋਣ।

## ਬੱਚਿਆਂ ਅਤੇ ਜਵਾਨਾਂ ਦੀਆਂ ਸੇਵਾਵਾਂ ਦਾ ਪ੍ਰਬੰਧ ਕਰਨ ਵਾਲੇ ਕਾਨੂੰਨ

ਪਬਲਿਕ ਗਾਰਡੀਅਨ ਅਤੇ ਟਰੱਸਟੀ ਦੀ ਬੱਚਿਆਂ ਅਤੇ ਜਵਾਨਾਂ ਦੀਆਂ ਸੇਵਾਵਾਂ (ਚਾਈਲਡ ਐਂਡ ਯੂਥ ਸਰਵਿਸਜ਼) ਵਾਲੀ ਸ਼ਾਖਾ ਬਹੁਤ ਸਾਰੇ ਕਾਨੂੰਨਾਂ ਅਧੀਨ ਕੰਮ ਕਰਦੀ ਹੈ, ਜਿਸ ਵਿੱਚ ਹੇਠ ਲਿਖੇ ਸ਼ਾਮਲ ਹਨ:

- *ਚਾਈਲਡ, ਫੈਮਲੀ ਐਂਡ ਕਮਿਊਨਿਟੀ ਸਰਵਿਸਜ਼ ਐਕਟ*
- *ਇੰਪਲਾਇਮੈਂਟ ਸਟੈਂਡਰਡਜ਼ ਐਕਟ*
- *ਇਸਟੇਟ ਐਡਮਿਨਸਟ੍ਰੇਸ਼ਨ ਐਕਟ*
- *ਫੈਮਲੀ ਰੀਲੇਸ਼ਨਜ਼ ਐਕਟ*
- *ਇਨਫੈਂਟਸ ਐਕਟ*
- *ਇੰਸ਼ੋਰੈਂਸ ਐਕਟ*
- *ਇੰਸ਼ੋਰੈਂਸ (ਮੋਟਰ ਵਹੀਕਲ) ਐਕਟ*
- *ਪਬਲਿਕ ਗਾਰਡੀਅਨ ਐਂਡ ਟਰੱਸਟੀ ਐਕਟ*
- *ਟਰੱਸਟੀ ਐਕਟ*
- *ਵਿਲਜ਼ ਵੇਰੀਏਸ਼ਨ ਐਕਟ*
- *ਟਰੱਸਟ ਐਂਡ ਸੈਟਲਮੈਂਟ ਵੇਰੀਏਸ਼ਨ ਐਕਟ*

**ਪਬਲਿਕ ਗਾਰਡੀਅਨ ਅਤੇ ਟਰੱਸਟੀ ਬਾਰੇ ਹੋਰ ਜਾਣਕਾਰੀ ਲਈ ਸਾਡੇ ਵੈੱਬਸਾਈਟ 'ਤੇ ਆਵੋ: www.trustee.bc.ca**

# ਬੱਚਿਆਂ ਅਤੇ ਜਵਾਨਾਂ ਦੀਆਂ ਸੇਵਾਵਾਂ

## ਦੂਰ ਦ੍ਰਿਸ਼ਟੀ (ਵਿਯਨ)

ਸਾਡਾ ਨਿਸ਼ਾਨਾ ਹੈ ਕਿ ਅਸੀਂ ਉਹ ਸੰਭਵਨਾਵਾਂ ਪੈਦਾ ਕਰੀਏ ਜਿਹੜੀਆਂ ਬੱਚਿਆਂ ਦੇ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਪੂਰੀਆਂ ਕਰਦੀਆਂ ਹੋਣ ਜਦੋਂ ਅਸੀਂ ਉਨ੍ਹਾਂ ਦੇ ਆਰਥਿਕ ਤੇ ਕਾਨੂੰਨੀ ਹੱਕਾਂ ਦੀ ਰਾਖੀ ਕਰਦੇ ਹੋਈਏ।

## ਕਦਰਾਂ ਕੀਮਤਾਂ ਅਤੇ ਦਰਸ਼ਨ (ਵੈਲਿਊਜ਼ ਐਂਡ ਫਿਲਾਸਫੀ)

ਸਾਡਾ ਕੰਮ ਹੇਠ ਲਿਖੀਆਂ ਕਦਰਾਂ ਕੀਮਤਾਂ ਅਤੇ ਦਰਸ਼ਨ 'ਤੇ ਅਧਾਰਤ ਹੈ:

### ਸਾਡੀਆਂ ਸੇਵਾਵਾਂ ਵਿੱਚ ...

- ਅਸੀਂ ਆਪਣੀਆਂ ਅਸਾਮੀਆਂ (ਕਲਾਇੰਟਸ) ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਇੱਜ਼ਤ ਕਰਦੇ ਹਾਂ; ਉਨ੍ਹਾਂ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਮਾਨਤਾ ਦਿੰਦੇ ਹਾਂ।
- ਅਸੀਂ ਫੈਸਲੇ ਕਰਨ ਵਿੱਚ ਪਰਿਵਾਰਾਂ ਅਤੇ ਅਸਾਮੀਆਂ ਦੀ ਸ਼ਮੂਲੀਅਤ ਨੂੰ ਸੱਦਾ ਦਿੰਦੇ ਹਾਂ; ਇਸ ਗੱਲ ਦੇ ਯਕੀਨ ਨਾਲ ਕਿ ਅਸੀਂ ਮਿਲ ਕੇ ਬਿਹਤਰ ਫੈਸਲੇ ਕਰ ਸਕਦੇ ਹਾਂ।
- ਅਸੀਂ ਅਸਾਮੀਆਂ ਅਤੇ ਪਰਿਵਾਰਾਂ ਨਾਲ ਆਪਣੇ ਰਿਸ਼ਤੇ ਨੂੰ ਕੀਮਤੀ ਸਮਝਦੇ ਹਾਂ; ਅਤੇ ਉਹ ਸੇਵਾਵਾਂ ਦਿੰਦੇ ਹਾਂ ਜਿਹੜੀਆਂ ਲੋੜ ਪੂਰੀ ਕਰਦੀਆਂ ਹੋਣ, ਇੱਜ਼ਤਦਾਰ ਹੋਣ, ਅਤੇ ਦੂਜਿਆਂ ਦਾ ਖਿਆਲ ਰੱਖਣ ਵਾਲੀਆਂ ਹੋਣ।
- ਅਸੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਹਰ ਅਸਾਮੀ ਅਤੇ ਪਰਿਵਾਰ ਦੀਆਂ ਲੋੜਾਂ ਵਿਲੱਖਣ ਹੁੰਦੀਆਂ ਹਨ ਜਿਹਦੇ ਵਾਸਤੇ ਸਾਡੀ ਪਹੁੰਚ ਵਿੱਚ ਲਚਕ ਦੀ ਲੋੜ ਹੈ, ਸਾਡੇ ਸੋਮਿਆਂ ਅਤੇ ਸਿਰਜਣਤਮਕਤਾ ਦੀ ਲੋੜ ਹੈ।
- ਅਸੀਂ ਹੋਰ ਏਜੰਸੀਆਂ ਅਤੇ ਸੇਵਾਵਾਂ ਦੇਣ ਵਾਲਿਆਂ ਨਾਲ ਮਿਲ ਕੇ ਕੰਮ ਕਰਦੇ ਹਾਂ ਅਤੇ ਆਪਣੀਆਂ ਅਸਾਮੀਆਂ ਅਤੇ ਪਰਿਵਾਰਾਂ ਨੂੰ ਹੋਰ ਸਹਾਇਤਾ ਪ੍ਰਦਾਨ ਕਰਨ ਵਾਲਿਆਂ ਨਾਲ ਜੋੜਦੇ ਹਾਂ।
- ਅਸੀਂ ਲੋਕਾਂ ਦੇ ਜੀਵਨ ਉੱਪਰ ਸਾਡੇ ਅਹੁਦੇ ਦੇ ਪ੍ਰਭਾਵ ਨੂੰ ਮੰਨਦੇ ਹਾਂ।

# 2 ਪਬਲਿਕ ਗਾਰਡੀਅਨ ਅਤੇ ਟਰੱਸਟੀ ਕੋਲ ਫੰਡ ਕਿਉਂ ਆਉਂਦੇ ਹਨ

## ਟਰੱਸਟ ਕੀ ਹੈ?

ਟਰੱਸਟ ਇਕ ਕਾਨੂੰਨੀ ਤਰੀਕਾ ਹੁੰਦਾ ਹੈ ਜਿਸ ਰਾਹੀਂ ਕਿਸੇ ਜਾਇਦਾਦ ਦੀ ਮਲਕੀਅਤ ਵੰਡੀ ਜਾਂਦੀ ਹੈ: ਟਰੱਸਟੀ ਕੋਲ ਜਾਇਦਾਦ ਦੀ ਕਾਨੂੰਨੀ ਮਲਕੀਅਤ ਹੁੰਦੀ ਹੈ, ਪਰ ਉਸ ਜਾਇਦਾਦ ਦੇ ਹੱਕ ਅਤੇ ਉਸ ਨੂੰ ਵਰਤਣ ਮਾਨਣ ਦਾ ਹੱਕ ਲਾਭ-ਪਾਤਰ (ਬੈਨੀਫਿਸ਼ਰੀ) ਦੇ ਹੁੰਦੇ ਹਨ।

ਟਰੱਸਟ ਬਹੁਤ ਕਿਸਮਾਂ ਦੇ ਹੁੰਦੇ ਹਨ ਅਤੇ ਭਾਵੇਂ ਹਰ ਟਰੱਸਟ ਦੀਆਂ ਸ਼ਰਤਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਹਨ, ਹਰ ਟਰੱਸਟ ਦਾ ਮੁੱਖ ਮੁੱਦਾ ਕਾਨੂੰਨੀ ਟਰੱਸਟੀ ਦੀ ਜ਼ਿੰਮੇਵਾਰੀ ਹੁੰਦਾ ਕਿ ਉਹ ਸਿਰਫ ਲਾਭ-ਪਾਤਰ ਦੇ ਫਾਇਦੇ ਨੂੰ ਧਿਆਨ ਵਿੱਚ ਰੱਖ ਕੇ ਉਸ ਦੇ ਟਰੱਸਟ ਵਿਚਲੀ ਮਲਕੀਅਤ ਨੂੰ ਸਾਂਭੇ।

ਟਰੱਸਟ ਦਾ ਮੁੱਖ ਮਕਸਦ ਟਰੱਸਟ ਵਿਚਲੀ ਜਾਇਦਾਦ ਨੂੰ ਸੁਰੱਖਿਅਤ ਰੱਖਣਾ ਹੁੰਦਾ ਹੈ ਅਤੇ ਇਸ ਗੱਲ ਨੂੰ ਯਕੀਨੀ ਬਣਾਉਣਾ ਹੁੰਦਾ ਹੈ ਕਿ ਜਾਇਦਾਦ ਨੂੰ ਉਸੇ ਮਕਸਦ ਲਈ ਵਰਤਿਆ ਜਾਵੇ ਜਿਸ ਵਾਸਤੇ ਉਹ ਹੈ। ਟਰੱਸਟੀ ਵਾਸਤੇ ਕਾਨੂੰਨੀ ਤੌਰ 'ਤੇ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਟਰੱਸਟ ਵਿਚਲੀ ਜਾਇਦਾਦ ਦੀ ਦੇਖਭਾਲ ਸਹੀ ਤਰੀਕੇ, ਸਿਆਣਪ, ਅਤੇ ਸਾਵਧਾਨੀ ਨਾਲ ਕਰੇ ਅਤੇ ਕਿਸੇ ਕਿਸਮ ਦੇ ਬੇਲੋੜੇ ਖਤਰੇ ਨਾ ਸਹੇੜੇ ਅਤੇ ਸ਼ਿੱਦਤ ਨਾਲ ਟਰੱਸਟ ਦੀਆਂ ਸ਼ਰਤਾਂ ਪੂਰੀਆਂ ਕਰੇ। ਇਹ ਕਹਿਣ ਦੀ ਲੋੜ ਨਹੀਂ ਹੈ, ਕਿ ਇਕ ਟਰੱਸਟੀ ਟਰੱਸਟ ਵਿਚਲੀ ਜਾਇਦਾਦ ਨੂੰ ਆਪਣੇ ਜਾਤੀ ਫਾਇਦੇ ਵਾਸਤੇ ਨਹੀਂ ਵਰਤ ਸਕਦਾ/ਸਕਦੀ।

PUBLIC GUARDIAN AND TRUSTEE OF BRITISH COLUMBIA

## ਤੁਹਾਡੇ ਬੱਚੇ ਦੇ ਟਰੱਸਟ ਵਿਚਲੇ ਫੰਡ

ਬ੍ਰਿਟਿਸ਼ ਕੋਲੰਬੀਆ ਵਿੱਚ ਕਈ ਇਹੋ ਜਿਹੇ ਕਾਨੂੰਨ ਹਨ ਜਿਹੜੇ ਬੱਚੇ ਦੇ ਆਰਥਿਕ ਹਿੱਤਾਂ ਦੀ ਰਾਖੀ ਕਰਦੇ ਹਨ, ਉਹ ਇਸ ਗੱਲ ਦੀ ਮੰਗ ਕਰਦੇ ਹਨ ਕਿ 19 ਸਾਲ ਦੀ ਉਮਰ ਤੋਂ ਘੱਟ ਵਿਅਕਤੀ ਲਈ ਕੁਝ ਪੈਸੇ ਰੱਖੇ ਜਾਣ ਜਿਹੜੇ ਉਸ ਵਾਸਤੇ ਉਨ੍ਹਾਂ ਚਿਰ ਟਰੱਸਟ ਵਿੱਚ ਰਹਿਣ ਜਿੰਨਾ ਚਿਰ ਉਹ ਬਾਲਗ ਨਹੀਂ ਹੋ ਜਾਂਦਾ।

ਬਹੁਤ ਸਾਰੀਆਂ ਹਾਲਤਾਂ ਵਿੱਚ ਬੀ ਸੀ ਦੇ ਕਾਨੂੰਨ ਜਾਂ ਅਦਾਲਤਾਂ ਇਸ ਗੱਲ ਦਾ ਫੈਸਲਾ ਕਰਦੀਆਂ ਹਨ ਕਿ ਕਿਸੇ ਘੱਟ ਉਮਰ ਦੇ ਵਿਅਕਤੀ ਵਾਸਤੇ ਫੰਡ ਹਾਸਲ ਕਰਨ ਅਤੇ ਉਨ੍ਹਾਂ ਦੀ ਦੇਖ ਭਾਲ ਕਰਨ ਦਾ ਅਧਿਕਾਰ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੇ ਅਧਿਕਾਰ ਨੂੰ ਹੈ।

ਹੇਠ ਦਿੱਤੀ ਜਾਣਕਾਰੀ ਬਹੁਤ ਸਾਰੇ ਵੱਖਰੇ ਵੱਖਰੇ ਕਾਨੂੰਨਾਂ (ਐਕਟਾਂ) ਅਤੇ ਨਿਯਮਾਂ ਦਾ ਸਾਰਅੰਸ਼ ਹੈ ਜਿਹੜਾ ਕਿ ਤੁਹਾਨੂੰ ਮੋਟੇ ਤੌਰ 'ਤੇ ਇਹ ਦੱਸੇਗਾ ਕਿ ਪਬਲਿਕ ਗਾਰਡੀਅਨ ਅਤੇ ਟਰੱਸਟੀ ਕੋਲ ਫੰਡ ਕਿਸ ਤਰ੍ਹਾਂ ਆਉਂਦੇ ਹਨ।

**1. ਨਿੱਜੀ ਸੱਟ-ਚੋਟ ਲਈ ਹੋਏ ਸਮਝੌਤਿਆਂ (ਸੈਟਲਮੈਂਟ)** ਤੋਂ ਮਿਲਣ ਵਾਲੇ ਪੈਸੇ ਬੱਚੇ ਨੂੰ ਪਹੁੰਚੇ ਦੁੱਖਾਂ ਅਤੇ ਤਕਲੀਫਾਂ ਦੇ ਮੁਆਵਜ਼ੇ, ਦਵਾਈਆਂ ਅਤੇ ਡਾਕਟਰੀ ਸੰਭਾਲ ਦੇ ਖਰਚਿਆਂ, ਕੰਮਕਾਰ ਦੇ ਛੁੱਟ ਜਾਣ ਨਾਲ ਕਮਾਈ 'ਚ ਹੋਏ ਨੁਕਸਾਨ ਜਾਂ ਭਵਿੱਖ ਵਿੱਚ ਹੋਣ ਵਾਲੀ ਆਮਦਨ ਦੇ ਨੁਕਸਾਨ ਜਾਂ ਕਮਾਈ ਕਰਨ ਦੇ ਮੌਕਿਆਂ ਦੇ ਨੁਕਸਾਨ (ਐਕਸੀਡੈਂਟ ਕਾਰਨ) ਵਜੋਂ ਦਿੱਤੇ ਜਾਂਦੇ ਹਨ। ਨਿੱਜੀ ਸੱਟ-ਚੋਟ ਲੱਗਣ ਦੇ ਬਹੁਤੇ ਕੰਪਨਸੇਸ਼ਨ ਅਵਾਰਡ ਮੋਟਰ ਵਹੀਕਲਾਂ ਦੇ ਐਕਸੀਡੈਂਟਾਂ ਦੇ ਨਤੀਜੇ ਵਜੋਂ ਹੁੰਦੇ ਹਨ ਅਤੇ ਉਸ ਦੇ ਨਿਰਦੇਸ਼ ਬੀਮਾ ਕਰਨ ਵਾਲੇ ਵਲੋਂ (ਆਮ ਤੌਰ 'ਤੇ ਆਈ ਸੀ ਬੀ ਸੀ) ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ ਦਿੱਤੇ ਜਾਂਦੇ ਹਨ।

**2. ਜੁਰਮ ਕਾਰਨ ਲੱਗੀ ਸੱਟ-ਚੋਟ (ਕਰਿਮਨਲ ਇੰਜਰੀ ਅਵਾਰਡ)** ਬਦਲੇ ਮਿਲਣ ਵਾਲੇ ਪੈਸਿਆਂ ਦਾ ਫੈਸਲਾ *ਕਰਿਮਨਲ ਇੰਜਰੀ ਕੰਪਨਸੇਸ਼ਨ ਐਕਟ* ਅਧੀਨ ਕੀਤਾ ਜਾਂਦਾ ਹੈ ਜਿਹੜਾ ਕਿ ਵਰਕ ਸੇਫ ਬੀ ਸੀ ਦੀ ਕਰਿਮਨਲ ਇੰਜਰੀ ਸੈਕਸ਼ਨ ਵਲੋਂ ਲਾਗੂ ਕੀਤਾ ਜਾਂਦਾ ਹੈ।

ਇਹ ਪੈਸੇ ਬੱਚੇ ਨੂੰ ਜਿਸਮਾਨੀ ਸੱਟ-ਚੋਟ ਜਾਂ ਕਾਮੁਕ ਹਮਲੇ ਨਾਲ ਹੋਏ ਨੁਕਸਾਨ ਬਦਲੇ ਮੁਆਵਜ਼ੇ ਵਜੋਂ ਦਿੱਤੇ ਜਾਂਦੇ ਹਨ। ਬੱਚੇ ਨੂੰ ਇਹ ਪੈਸੇ ਉਸ ਦੇ ਮਾਪੇ ਦੀ ਗਲਤ ਕਾਰਨਾਂ ਨਾਲ ਹੋਈ ਮੌਤ ਕਰਕੇ, ਬੱਚੇ ਵਲੋਂ ਪਿਆਰ ਤੋਂ ਵਾਂਝਾ ਹੋ ਜਾਣ ਕਰਕੇ, ਅਤੇ ਮਾਪੇ ਤੋਂ ਮਿਲਣ ਵਾਲੀ ਜੀਵਨ ਸੇਧ ਅਤੇ ਮੁਹੱਬਤ ਦੇ ਘਾਟੇ ਕਰਕੇ, ਆਰਥਿਕ ਮੱਦਦ ਅਤੇ ਮਾਪਿਆਂ ਤੋਂ ਮਿਲਣ ਵਾਲੀਆਂ ਸੇਵਾਵਾਂ ਦੇ ਖੁੱਸ ਜਾਣ ਕਰਕੇ ਵੀ ਦਿੱਤੇ ਜਾ ਸਕਦੇ ਹਨ।

ਵਰਕਸੇਫ ਬੀ ਸੀ ਦੀ ਆਪਣੀ ਸੂਝ ਮੁਤਾਬਕ ਇਹ ਪੈਸੇ ਕਿਸੇ ਵੀ ਉਸ ਵਿਅਕਤੀ ਨੂੰ ਦਿੱਤੇ ਜਾ ਸਕਦੇ ਹਨ ਜਿਹੜਾ ਬੋਰਡ ਦੀ ਰਾਏ ਵਿੱਚ ਪੀੜਤ ਵਲੋਂ ਇਨ੍ਹਾਂ ਦੀ ਦੇਖਭਾਲ ਕਰਨ ਵਿੱਚ ਸਭ ਤੋਂ ਵੱਧ ਯੋਗ ਹੋਵੇ। ਬਹੁਤੀ ਵਾਰੀ ਵਰਕ ਸੇਫ ਬੀ ਸੀ ਨਿਰਦੇਸ਼ ਦਿੰਦਾ ਹੈ ਕਿ ਪੀੜਤ ਲਈ ਇਹ ਪੈਸੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਕੋਲ ਜਾਣ।

**ਟਰੱਸਟ ਦਾ ਮੁੱਖ ਮਕਸਦ ਟਰੱਸਟ ਵਿਚਲੀ ਜਾਇਦਾਦ ਨੂੰ ਸੁਰੱਖਿਅਤ ਰੱਖਣਾ ਹੁੰਦਾ ਹੈ ਅਤੇ ਇਸ ਗੱਲ ਨੂੰ ਯਕੀਨੀ ਬਣਾਉਣਾ ਕਿ ਜਾਇਦਾਦ ਨੂੰ ਉਸੇ ਮਕਸਦ ਲਈ ਵਰਤਿਆ ਜਾਵੇ ਜਿਸ ਵਾਸਤੇ ਉਹ ਹੈ।**

3. **ਕੈਨੇਡਾ ਪੈਨਸ਼ਨ ਪਲੈਨ ਵਿੱਚ ਯਤੀਮ ਦਾ ਭੱਤਾ (ਬੈਨਿਫਿੱਟ)** ਉਨ੍ਹਾਂ ਬੱਚਿਆਂ ਲਈ ਹੁੰਦਾ ਹੈ ਜਿਨ੍ਹਾਂ ਦੇ ਮਾਪੇ ਗੁਜ਼ਰ ਜਾਂਦੇ ਹਨ। ਜਦੋਂ ਕੋਈ ਹੋਰ ਸਰਪਰੱਸਤ ਨਾ ਹੋਵੇ ਤਾਂ ਇਹ ਭੱਤਾ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੁਆਰਾ ਟਰੱਸਟ ਵਿੱਚ ਰੱਖਿਆ ਜਾਂਦਾ ਹੈ।

4. **ਪੈਨਸ਼ਨ ਫੰਡ ਲਾਭ-ਪਾਤਰ (ਬੈਨੀਫਿਸ਼ਰੀ)** ਨੂੰ ਗੁਜ਼ਰ ਗਏ ਵਿਅਕਤੀ ਵਲੋਂ ਪੈਨਸ਼ਨ ਪਲੈਨ ਵਿੱਚ ਦਿੱਤੀਆਂ ਹਿਦਾਇਤਾਂ ਅਨੁਸਾਰ ਦਿੱਤੇ ਜਾਂਦੇ ਹਨ। ਜੇ ਲਾਭ-ਪਾਤਰ ਬੱਚਾ ਹੋਵੇ ਅਤੇ ਜੇ ਗੁਜ਼ਰੇ ਵਿਅਕਤੀ ਵਲੋਂ ਕੋਈ ਸਰਪਰੱਸਤ ਨਿਯੁਕਤ ਨਾ ਕੀਤਾ ਗਿਆ ਹੋਵੇ ਤਾਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਇਹ ਫੰਡ ਟਰੱਸਟ ਵਿੱਚ ਸਾਂਭ ਸਕਦਾ ਹੈ।

5. **ਕਸੂਰ-ਬਿਨਾਂ ਹੋਈ ਮੌਤ ਦੀ ਹਾਲਤ ਵਿੱਚ ਭੱਤਾ (ਬੈਨਿਫਿੱਟ)** ਬੱਚੇ ਨੂੰ *ਇੰਸ਼ੋਰੈਂਸ (ਮੋਟਰ ਵਹੀਕਲ) ਐਕਟ* ਦੇ ਨਿਯਮਾਂ ਅਨੁਸਾਰ ਦਿੱਤਾ ਜਾਂਦਾ ਹੈ ਜਦੋਂ ਗੁਜ਼ਰਨ ਵਾਲਾ ਵਿਅਕਤੀ ਬੱਚੇ ਦੇ ਪਰਿਵਾਰ ਵਿੱਚੋਂ ਹੋਵੇ ਜਿਹੜਾ ਬੱਚੇ ਦੇ ਪਾਲਣ ਪੋਸਣ ਵਿੱਚ ਜ਼ਿੰਮੇਵਾਰੀ ਨਿਭਾਉਂਦਾ ਸੀ। ਕਾਨੂੰਨ ਇਸ ਗੱਲ ਦੇ ਆਦੇਸ਼ ਦਿੰਦਾ ਹੈ ਕਿ ਪਬਲਿਕ ਗਾਰਡੀਅਨ ਅਤੇ ਟਰੱਸਟੀ ਇਨ੍ਹਾਂ ਫੰਡਾਂ ਨੂੰ ਟਰੱਸਟ ਵਿੱਚ ਸਾਂਭੇ।

6. **ਜੀਵਨ ਬੀਮਾ ਫੰਡ** ਲਾਭ-ਪਾਤਰ ਨੂੰ ਗੁਜ਼ਰ ਗਏ ਵਿਅਕਤੀ ਵਲੋਂ ਦਿੱਤੀਆਂ ਹਿਦਾਇਤਾਂ ਅਨੁਸਾਰ ਦਿੱਤਾ ਜਾਂਦਾ ਹੈ। ਜੇ ਲਾਭ-ਪਾਤਰ ਬੱਚਾ ਹੋਵੇ ਅਤੇ ਜੇ ਗੁਜ਼ਰੇ ਵਿਅਕਤੀ ਵਲੋਂ ਕੋਈ ਸਰਪਰੱਸਤ ਨਿਯੁਕਤ ਨਾ ਕੀਤਾ ਗਿਆ ਹੋਵੇ ਤਾਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਇਹ ਫੰਡ ਟਰੱਸਟ ਵਿੱਚ ਸਾਂਭਦਾ ਹੈ।

7. **ਵਸੀਅਤ ਅਧੀਨ ਵਿਰਾਸਤ** ਵਸੀਅਤ ਵਿਚਲੀਆਂ ਸ਼ਰਤਾਂ ਅਨੁਸਾਰ ਦਿੱਤੀ ਜਾਂਦੀ ਹੈ। ਜੇ ਵਸੀਅਤ ਵਿੱਚ ਬੱਚੇ ਦਾ ਨਾਂ ਲਾਭ-ਪਾਤਰ ਵਜੋਂ ਆਉਂਦਾ ਹੈ ਅਤੇ ਮਰਨ ਵਾਲਾ ਬੱਚੇ ਦੇ 19 ਸਾਲਾਂ ਦੀ ਉਮਰ ਦਾ ਹੋਣ ਤੋਂ ਪਹਿਲਾਂ ਮਰ ਜਾਂਦਾ ਹੈ ਅਤੇ ਵਸੀਅਤ ਵਿੱਚ ਕਿਸੇ ਪ੍ਰਾਈਵੇਟ ਟਰੱਸਟੀ ਨੂੰ ਨਿਯੁਕਤ ਨਾ ਕੀਤਾ ਗਿਆ ਹੋਵੇ ਤਾਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਇਹ ਫੰਡ ਟਰੱਸਟ ਵਿੱਚ ਸਾਂਭ ਸਕਦਾ ਹੈ।

8. **ਵਿਰਾਸਤ ਜਦੋਂ ਕੋਈ ਵਸੀਅਤ ਨਾ ਹੋਵੇ** ਅਤੇ ਬੱਚਾ ਲਾਭ-ਪਾਤਰ ਹੋਵੇ ਤਾਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਇਹ ਫੰਡ ਟਰੱਸਟ ਵਿੱਚ ਸਾਂਭਦਾ ਹੈ।

9. **ਫੈਮਲੀ ਕੰਪਨਸੇਸ਼ਨ ਐਕਟ ਸੈਟਲਮੈਂਟ ਜਾਂ ਅਦਾਲਤ ਵਲੋਂ ਦਿੱਤੇ ਫੈਸਲੇ** ਦੇ ਫੰਡ ਪਬਲਿਕ ਗਾਰਡੀਅਨ ਅਤੇ ਟਰੱਸਟੀ ਵਲੋਂ ਸਾਂਭੇ ਜਾ ਸਕਦੇ ਹਨ। ਇਹ ਪੈਸੇ ਬੱਚੇ ਨੂੰ ਉਸ ਦੇ ਮਾਪੇ ਦੀ ਹੋਈ ਮੌਤ ਕਰਕੇ, ਬੱਚੇ ਨੂੰ ਪਿਆਰ ਤੋਂ ਵਾਂਝਾ ਹੋ ਜਾਣ ਕਰਕੇ, ਅਤੇ ਮਾਪੇ ਤੋਂ ਮਿਲਣ ਵਾਲੀ ਜੀਵਨ ਸੇਧ ਤੇ ਮੁਹੱਬਤ ਦੇ ਘਾਟੇ ਕਰਕੇ, ਪਿਛਲੇ ਅਤੇ ਆਉਣ ਵਾਲੇ ਸਮੇਂ ਵਿੱਚ ਮਾਪਿਆਂ ਤੋਂ ਮਿਲਣ ਵਾਲੀਆਂ ਸੇਵਾਵਾਂ ਦੇ ਖ਼ੁੱਸ ਜਾਣ ਕਰਕੇ ਅਤੇ ਵਿਰਾਸਤ ਦੇ ਖ਼ੁੱਸ ਜਾਣ ਕਰਕੇ ਦਿੱਤੇ ਜਾ ਸਕਦੇ ਹਨ।

10. **ਮਨਪਰਚਾਵੇ ਦੇ ਕੰਮ ਤੋਂ ਕਮਾਏ ਬੱਚੇ** ਦੇ ਪੈਸਿਆਂ ਦਾ ਕੁਝ ਹਿੱਸਾ ਪਬਲਿਕ ਗਾਰਡੀਅਨ ਅਤੇ ਟਰੱਸਟੀ ਵਲੋਂ ਸਾਂਭਿਆ ਜਾਂਦਾ ਹੈ ਜਦੋਂ ਜੀਵਨ ਭਰ ਵਿੱਚ ਕਮਾਏ ਜਾ ਸਕਣ ਵਾਲੇ ਪੈਸਿਆਂ ਦੀ ਹੱਦ 5,000 ਡਾਲਰ ਹੋ ਜਾਵੇ। ਇਸ ਪਿੱਛੋਂ ਬੱਚੇ ਦੀ ਕੁਲ ਕਮਾਈ ਦਾ 25% ਹਿੱਸਾ ਪਬਲਿਕ ਗਾਰਡੀਅਨ ਅਤੇ ਟਰੱਸਟੀ ਰਾਹੀਂ ਟਰੱਸਟ ਵਿੱਚ ਰੱਖਿਆ ਜਾਂਦਾ ਹੈ ਅਤੇ ਬਾਕੀ ਦੇ ਪੈਸੇ ਮਾਪਿਆਂ ਵਲੋਂ ਬੱਚੇ ਵਾਸਤੇ ਟਰੱਸਟ ਵਿੱਚ ਰੱਖੇ ਜਾਂਦੇ ਹਨ।

11. **ਲਾਟਰੀ ਫੰਡ।** ਬੀ ਸੀ ਦਾ ਲਾਟਰੀ ਕਮਿਸ਼ਨ ਬੱਚੇ ਦੀ ਜਿੱਤ ਦਾ 5,000 ਡਾਲਰ ਜਾਂ ਵੱਧ ਰਕਮ ਬੱਚੇ ਵਾਸਤੇ ਟਰੱਸਟ ਵਿੱਚ ਰੱਖਣ ਲਈ ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ ਦਿੰਦੀ ਹੈ। 5,000 ਡਾਲਰ ਤੋਂ ਘੱਟ ਦੀ ਰਕਮ ਟਰੱਸਟ ਵਿੱਚ ਮਾਪਿਆਂ ਜਾਂ ਸਰਪਰੱਸਤ ਨੂੰ ਦਿੱਤੀ ਜਾਂਦੀ ਹੈ।

**ਟਰੱਸਟੀ ਵਾਸਤੇ ਕਾਨੂੰਨੀ ਤੌਰ ’ਤੇ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਟਰੱਸਟ ਵਿਚਲੀ ਜਾਇਦਾਦ ਦੀ ਸਹੀ ਤਰੀਕੇ ਨਾਲ ਦੇਖ ਭਾਲ ਕਰੇ, ਸਿਆਣਪ ਨਾਲ ਅਤੇ ਸਾਵਧਾਨੀ ਕਰੇ ਅਤੇ ਕਿਸੇ ਕਿਸਮ ਦੇ ਬੇਲੋੜੇ ਖਤਰੇ ਨਾ ਸਹੇੜੇ ਅਤੇ ਸ਼ਿੱਦਤ ਨਾਲ ਟਰੱਸਟ ਦੀਆਂ ਸ਼ਰਤਾਂ ਪੂਰੀਆਂ ਕਰੇ।**

# 3 ਤੁਹਾਡੇ ਬੱਚੇ ਦੇ ਟਰੱਸਟ ਦਾ ਪ੍ਰਬੰਧ ਕਰਨਾ

## ਤੁਹਾਡੇ ਬੱਚੇ ਦਾ ਟਰੱਸਟ ਖਾਤਾ

ਪਬਲਿਕ ਗਾਰਡੀਅਨ ਅਤੇ ਟਰੱਸਟੀ ਹਰ ਬੱਚੇ ਦੇ ਪੈਸਿਆਂ ਵਾਸਤੇ ਇਕ ਵੱਖਰਾ ਖਾਤਾ ਖੋਲਦਾ ਹੈ। ਜਦੋਂ ਫੰਡ ਪ੍ਰਾਪਤ ਕੀਤੇ ਜਾਂਦੇ ਹਨ ਉਸ ਵੇਲੇ ਖਾਤਾ ਖੋਲ੍ਹਿਆ ਜਾਂਦਾ ਹੈ, ਬੱਚੇ ਦੀ ਜਾਣਕਾਰੀ ਦੀ ਪੁਸ਼ਟੀ ਕੀਤੀ ਜਾਂਦੀ ਹੈ, ਅਤੇ ਜਾਣਕਾਰੀ ਪੈਕਜ ਦੇ ਨਾਲ ਮਾਪਿਆਂ ਜਾਂ ਸਰਪਰੱਸਤ ਨੂੰ ਚਿੱਠੀ ਭੇਜੀ ਜਾਂਦੀ ਹੈ।

ਪਬਲਿਕ ਗਾਰਡੀਅਨ ਅਤੇ ਟਰੱਸਟੀ ਬੀ ਸੀ ਦੇ ਕਾਨੂੰਨ ਅਨੁਸਾਰ ਟਰੱਸਟ ਵਿਚਲੇ ਪੈਸਿਆਂ ਨੂੰ ਨਿਵੇਸ਼ (ਇਨਵੈਸਟ) ਕਰਦਾ ਹੈ।

ਜਦੋਂ ਹੀ ਫੰਡ ਪ੍ਰਾਪਤ ਕੀਤੇ ਜਾਂਦੇ ਹਨ ਪਬਲਿਕ ਗਾਰਡੀਅਨ ਅਤੇ ਟਰੱਸਟੀ ਬੱਚਿਆਂ ਦੇ ਟਰੱਸਟ ਵਿਚਲੇ ਪੈਸਿਆਂ ਨੂੰ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੇ ਟਰੱਸਟ ਫੰਡ ਵਿੱਚ ਇਨਵੈਸਟ ਕਰਦਾ ਹੈ ਜਿਸ ਦਾ ਬੀ ਸੀ ਇਨਵੈਸਮੈਂਟ ਮੈਨੇਜਮੈਂਟ ਕਾਰਪੋਰੇਸ਼ਨ ਦੁਆਰਾ ਪ੍ਰਬੰਧ ਕੀਤਾ ਜਾਂਦਾ ਹੈ। ਕੁਝ ਹਾਲਤਾਂ ਵਿੱਚ ਪੈਸਿਆਂ ਨੂੰ ਕਿਸੇ ਬਾਹਰਲੇ ਪੇਸ਼ਾਵਰ ਪੂੰਜੀ ਨਿਵੇਸ਼ ਮਨੇਜਰ ਦੀ ਸੇਵਾ ਲੈ ਕੇ ਵੀ ਇਨਵੈਸਟ ਕੀਤਾ ਜਾਂਦਾ ਹੈ।

ਨਿਵੇਸ਼ ਰਾਹੀਂ ਪ੍ਰਾਪਤ ਹੋਈ ਸਾਰੀ ਆਮਦਨੀ ਬੱਚੇ ਦੇ ਟਰੱਸਟ ਖਾਤੇ ਵਿੱਚ ਜਮ੍ਹਾਂ ਕੀਤੀ ਜਾਂਦੀ ਹੈ।

ਤੁਹਾਡੇ ਬੱਚੇ ਦੇ ਪੈਸੇ ਕਿਸ ਤਰ੍ਹਾਂ ਇਨਵੈਸਟ ਕੀਤੇ ਜਾਂਦੇ ਹਨ ਇਸ ਬਾਰੇ ਹੋਰ ਵਿਸਥਾਰ ਵਿੱਚ ਜਾਣਕਾਰੀ ਪ੍ਰਾਪਤ ਕਰਨ ਲਈ ਕਿਰਪਾ ਕਰਕੇ ਦੇਖੋ "ਇਨਵੈਸਟਿੰਗ ਯੂਅਰ ਚਾਈਲਡਜ਼ ਫੰਡਜ਼"।

## ਭੇਤਦਾਰੀ (ਕਾਨਫੀਡੈਂਸ਼ੀਐਲਿਟੀ)

ਪਬਲਿਕ ਗਾਰਡੀਅਨ ਅਤੇ ਟਰੱਸਟੀ ਤੁਹਾਡੇ ਬੱਚੇ ਦੇ ਰੀਕਾਰਡ ਅਤੇ ਹੋਰ ਜਾਣਕਾਰੀ ਨੂੰ ਭਰੋਸੇ ਵਿੱਚ ਰੱਖਣ ਲਈ ਬਚਨਵੱਧ ਹੈ। ਆਪਣੀਆਂ ਅਸਾਮੀਆਂ (ਕਲਾਇੰਟਸ) ਦੇ ਹੱਕਾਂ ਅਤੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਦਾ ਇਹ ਮਹੱਤਵਪੂਰਨ ਹਿੱਸਾ ਹੈ।

ਪਬਲਿਕ ਗਾਰਡੀਅਨ ਅਤੇ ਟਰੱਸਟੀ ਦੁਆਰਾ ਰੱਖੀਆਂ ਸਾਰੀਆਂ ਫਾਈਲਾਂ ਸੁਰੱਖਿਅਤ ਹੁੰਦੀਆਂ ਹਨ। ਸਾਡਾ ਦਫਤਰ ਹਮੇਸ਼ਾਂ ਜਿੰਦੇ ਅੰਦਰ ਰਹਿੰਦਾ ਹੈ ਅਤੇ ਉਨ੍ਹਾਂ ਫਾਈਲਾਂ 'ਤੇ ਕੰਮ ਕਰਨ ਵਾਲੇ ਸਟਾਫ ਦੇ ਮੈਂਬਰ ਹੀ ਉਨ੍ਹਾਂ ਫਾਈਲਾਂ ਵਿਚਲੀ ਜਾਣਕਾਰੀ ਨੂੰ ਦੇਖ ਸਕਦੇ ਹਨ। ਸਾਡੇ ਕੰਪਿਊਟਰ ਵੀ ਸੁਰੱਖਿਅਤ ਰੱਖੇ ਜਾਂਦੇ ਹਨ ਤਾਂਕਿ ਉਨ੍ਹਾਂ ਵਿਚਲੀ ਜਾਣਕਾਰੀ ਬਿਜਲਈ ਤਰੀਕੇ ਨਾਲ ਲੀਕ ਨਾ ਹੋ ਸਕੇ ਅਤੇ ਜਿਹੜੇ ਵਿਅਕਤੀ ਸਿੱਧੇ ਉਨ੍ਹਾਂ ਫਾਈਲਾਂ 'ਤੇ ਕੰਮ ਨਾ ਕਰਦੇ ਹੋਣ ਉਹ ਉਨ੍ਹਾਂ ਵਿਚਲੀ ਜਾਣਕਾਰੀ ਨਾ ਪੜ੍ਹ ਸਕਣ।

ਭੇਤਦਾਰੀ ਕਾਇਮ ਰੱਖਣ ਕਾਰਨ ਹੀ ਬੱਚੇ ਦੇ ਫੰਡ ਵਿੱਚੋਂ ਪੈਸੇ ਕਢਵਾਉਣ ਵਾਸਤੇ ਜਾਂ ਬੱਚੇ ਦੇ ਖਾਤੇ ਵਿਚਲੇ ਪੈਸਿਆਂ ਬਾਰੇ ਹੋਰ ਜਾਣਕਾਰੀ ਦੀ ਮੰਗ ਵੇਲੇ ਅਸੀਂ ਲਿਖਤੀ ਬੇਨਤੀ ਦੀ ਮੰਗ ਕਰਦੇ ਹਾਂ।

ਬੱਚੇ ਦੇ ਟਰੱਸਟ ਫੰਡ ਬਾਰੇ ਅਸੀਂ ਫੋਨ ਰਾਹੀਂ ਖਾਤਾ ਨੰਬਰ ਜਾਂ ਖਾਤੇ 'ਚ ਬਕਾਏ ਬਾਰੇ ਕੋਈ ਜਾਣਕਾਰੀ ਨਹੀਂ ਦਿੰਦੇ ਜਿੰਨਾ ਚਿਰ ਸਾਨੂੰ ਇਸ ਗੱਲ ਦਾ ਯਕੀਨ ਨਾ ਹੋਵੇ ਕਿ ਤੁਸੀਂ ਬੱਚੇ ਦੇ ਕਾਨੂੰਨੀ ਸਰਪਰੱਸਤ ਹੋ ਅਤੇ ਅਸੀਂ ਤੁਹਾਡੇ ਨਾਲ ਅਕਸਰ ਅਦਾਨ ਪ੍ਰਦਾਨ ਕਰਦੇ ਰਹਿੰਦੇ ਹੋਈਏ। ਇਹ ਵੀ ਇਕ ਕਾਰਨ ਹੈ ਕਿ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਸਾਡੇ ਸਟਾਫ ਦਾ ਬੱਚੇ ਦੇ ਸਰਪਰੱਸਤਾਂ ਨਾਲ ਕੰਮ ਕਰਨ ਦਾ ਰਿਸ਼ਤਾ ਸਥਾਪਤ ਹੋਵੇ।

## ਜਿਹੜੀ ਜਾਣਕਾਰੀ ਤੁਸੀਂ ਪ੍ਰਾਪਤ ਕਰਨ ਦੀ ਆਸ ਕਰ ਸਕਦੇ ਹੋ

### ਖਾਤੇ ਦਾ ਹਿਸਾਬ (ਅਕਾਊਂਟ ਸਟੇਟਮੈਂਟ)

ਪਬਲਿਕ ਗਾਰਡੀਅਨ ਅਤੇ ਟਰੱਸਟੀ ਟਰੱਸਟ ਵਿੱਚ ਪਏ ਪੈਸਿਆਂ ਬਾਰੇ ਪੂਰੀ ਜਾਣਕਾਰੀ ਦੇਣ ਦੇ ਮਹੱਤਵ ਵਿੱਚ ਯਕੀਨ ਰੱਖਦੇ ਹਨ ਅਤੇ ਤੁਹਾਡੇ ਬੱਚੇ ਦੇ ਟਰੱਸਟ ਵਾਲੇ ਖਾਤੇ ਦੇ ਹਿਸਾਬ ਬਾਰੇ ਸਾਰੇ ਵਿਸਥਾਰ ਵਾਲੀ (ਵਿਆਜ, ਰੱਖੇ ਪੈਸੇ, ਫੀਸਾਂ, ਕੱਢੇ ਪੈਸੇ) ਸਟੇਟਮੈਂਟ ਦੇ ਸਕਦੇ ਹਨ। ਇਨ੍ਹਾਂ ਸਟੇਟਮੈਂਟਾਂ ਦੀ ਤੁਸੀਂ ਆਪਣੇ ਟਰੱਸਟ ਮਨੇਜਰ ਕੋਲੋਂ ਮੰਗ ਕਰ ਸਕਦੇ ਹੋ।

### ਟੈਕਸ ਬਾਰੇ ਜਾਣਕਾਰੀ

ਜੇ ਤੁਹਾਡੇ ਬੱਚੇ ਦੇ ਟਰੱਸਟ ਵਿਚਲੇ ਫੰਡ ਨੇ ਇਕ ਸਾਲ ਵਿੱਚ 50.00 ਡਾਲਰ ਤੋਂ ਵੱਧ ਵਿਆਜ ਕਮਾਇਆ ਹੋਵੇ ਤਾਂ ਟੀ-5 ਜਾਣਕਾਰੀ ਫਾਰਮ ਤਿਆਰ ਕੀਤਾ ਜਾਂਦਾ ਹੈ ਅਤੇ ਤੁਹਾਡੀ ਦੇਖ ਰੇਖ ਅੰਦਰ ਤੁਹਾਡੇ ਬੱਚੇ ਨੂੰ ਭੇਜਿਆ ਜਾਂਦਾ ਹੈ। (ਕਿਰਪਾ ਕਰਕੇ ਦੇਖੋ "ਟੈਕਸ ਇਨਫਾਰਮੇਸ਼ਨ ਆਨ ਚਿਲਡਰਨਜ਼ ਫੰਡਜ਼")।

# 4 ਪੈਸਿਆਂ ਤੱਕ ਪਹੁੰਚ

## ਪੈਸਿਆਂ ਤੱਕ ਪਹੁੰਚ ਕਿਸ ਤਰ੍ਹਾਂ ਕਰਨੀ ਹੈ

ਪਬਲਿਕ ਗਾਰਡੀਅਨ ਅਤੇ ਟਰੱਸਟੀ ਕੋਲ – ਬੱਚੇ ਵਲੋਂ 19 ਸਾਲ ਦਾ ਹੋਣ ਤੋਂ ਪਹਿਲਾਂ– ਉਸ ਦੇ ਪਾਲਣ ਪੋਸਣ ਦੇ ਖਰਚੇ ਲਈ, ਵਿਦਿਆ ਅਤੇ ਹੋਰ ਫਾਇਦਿਆਂ ਲਈ ਬੱਚੇ ਦੀ ਸਾਰੀ ਆਮਦਨ ਜਾਂ ਉਸ ਦਾ ਕੁੱਝ ਹਿੱਸਾ ਦੇਣ ਦਾ ਅਖਤਿਆਰ ਅਤੇ ਅਧਿਕਾਰ ਹੁੰਦਾ ਹੈ। ਪਰ ਨਾਲ ਹੀ ਪਬਲਿਕ ਗਾਰਡੀਅਨ ਅਤੇ ਟਰੱਸਟੀ ਵਾਸਤੇ ਇਹ ਜ਼ਰੂਰੀ ਹੈ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਵੇ ਕਿ ਦਿੱਤੇ ਗਏ ਪੈਸੇ ਉਸੇ ਮਕਸਦ ਲਈ ਵਰਤੇ ਜਾਣ ਜਿਸ ਮਕਸਦ ਲਈ ਉਹ ਦਿੱਤੇ ਗਏ ਹਨ।

ਜਦੋਂ ਟਰੱਸਟ ਵਿੱਚੋਂ ਪੈਸੇ ਕਢਵਾਉਣ ਲਈ ਮੰਗ ਉੱਪਰ ਵਿਚਾਰ ਕੀਤਾ ਜਾਂਦਾ ਹੈ ਤਾਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਬਹੁਤ ਸਾਰੇ ਪੱਖਾਂ ਤੇ ਵਿਚਾਰ ਕਰਦਾ ਹੈ, ਸਣੇ ਇਸ ਗੱਲ ਦੇ ਕਿ ਕੀ ਮੰਗ ਉਸ ਮਕਸਦ ਲਈ ਹੈ ਜਿਸ ਨੂੰ "ਪਾਲਣ ਪੋਸਣ" ਜਾਂ "ਵਿਸ਼ੇਸ਼ ਮੌਕੇ" ਦੇ ਤੌਰ 'ਤੇ ਦਰਸਾਇਆ ਜਾ ਸਕਦਾ ਹੈ।

**ਪਾਲਣ ਪੋਸਣ (ਮੇਨਟਨੈਂਸ)** ਦਾ ਅਰਥ ਹੈ ਕਿ ਖਾਣਾ, ਸਿਰ 'ਤੇ ਛੱਤ, ਕੱਪੜੇ ਅਤੇ ਬੱਚੇ ਵਾਸਤੇ ਹੋਰ ਲੋੜੀਂਦੀਆਂ ਵਸਤਾਂ ਵਾਸਤੇ ਪੈਸੇ ਖਾਤੇ ਵਿਚੋਂ ਦਿੱਤੇ ਜਾਂਦੇ ਹਨ।

**ਵਿਸ਼ੇਸ਼ ਮੌਕੇ** ਦਾ ਅਰਥ ਹੈ ਕਿ ਵਿਦਿਆ ਅਤੇ ਜਿਹੜੀ ਕੋਈ ਹੋਰ ਗੱਲ ਬੱਚੇ ਦੇ ਫਾਇਦੇ ਵਾਸਤੇ ਹੋਵੇ ਅਤੇ ਉਸ ਕਿਸਮ ਦੇ ਮੌਕੇ ਪੈਦਾ ਕਰੇ ਜਿਹੜੇ ਟਰੱਸਟ ਵਿਚੋਂ ਮਿਲਣ ਵਾਲੇ ਫੰਡ ਤੋਂ ਬਿਨਾਂ ਸੰਭਵ ਨਾ ਹੋ ਸਕਣ, ਉਸ ਵਾਸਤੇ ਪੈਸੇ ਦਿੱਤੇ ਜਾਂਦੇ ਹਨ।

ਉਹ ਦਸਤਾਵੇਜ਼ ਜਿਸ ਨੇ ਤੁਹਾਡੇ ਬੱਚੇ ਦਾ ਟਰੱਸਟ ਫੰਡ ਕਾਇਮ ਕੀਤਾ ਸੀ, ਜਾਂ ਟਰੱਸਟ ਦੇ ਫਰਜ਼ਾਂ ਨੂੰ ਦਰਸਾਉਂਦਾ ਕਾਨੂੰਨ ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ ਇਹ ਸਮਝਣ ਵਿਚ ਰਾਹ ਦਰਸਾਉਂਦਾ ਹੈ ਕਿ ਟਰੱਸਟ ਵਿਚਲੇ ਪੈਸਿਆਂ ਦਾ ਕੀ ਮਕਸਦ ਹੈ ਅਤੇ ਉਹ ਕਿਸ ਤਰ੍ਹਾਂ ਅਤੇ ਕਿਸ ਤਰ੍ਹਾਂ ਨਹੀਂ ਵਰਤੇ ਜਾ ਸਕਦੇ।

## ਪਾਲਣ ਪੋਸਣ (ਮੇਨਟਨੈਂਸ) ਵਾਸਤੇ ਖਾਤੇ ਵਿਚੋਂ ਪੈਸੇ ਕੱਢਣੇ (ਰਿਲੀਜ਼ ਕਰਨੇ)

ਜਦੋਂ ਪਾਲਣ ਪੋਸਣ ਵਾਸਤੇ ਪੈਸੇ ਕੱਢਣ 'ਤੇ ਵਿਚਾਰ ਕੀਤਾ ਜਾ ਰਿਹਾ ਹੋਵੇ, ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ *ਫੈਮਲੀ ਰੀਲੇਸ਼ਨਜ਼ ਐਕਟ* ਦੇ ਸੈਕਸ਼ਨ 88 ਤੋਂ ਸੇਧ ਮਿਲਦੀ ਹੈ ਜਿਹੜਾ ਕਹਿੰਦਾ ਹੈ ਕਿ "ਬੱਚੇ ਦਾ ਹਰ ਮਾਪਾ ਹਾਲਤ ਅਨੁਸਾਰ ਢੁੱਕਵੇਂ ਰੂਪ ਵਿੱਚ ਬੱਚੇ ਨੂੰ ਸਹਾਇਤਾ ਦੇਣ ਅਤੇ ਪਾਲਣ ਪੋਸਣ ਲਈ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਹੈ।" ਦੂਜੇ ਅਰਥਾਂ ਵਿੱਚ ਖਾਤੇ ਵਿਚੋਂ ਪਾਲਣ ਪੋਸਣ ਵਾਸਤੇ ਪੈਸੇ ਕੱਢਣ ਬਾਰੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੀਆਂ ਨੀਤੀਆਂ ਇਸ ਮੁੱਢਲੇ ਯਕੀਨ 'ਤੇ ਅਧਾਰਤ ਹਨ ਕਿ ਆਪਣੇ ਬੱਚਿਆਂ ਨੂੰ ਪਾਲਣ ਵਿੱਚ ਮਾਪੇ ਜ਼ਿੰਮੇਵਾਰ ਹੁੰਦੇ ਹਨ, ਅਤੇ ਆਮ ਤੌਰ 'ਤੇ ਬੱਚਿਆਂ ਤੋਂ ਇਸ ਗੱਲ ਦੀ ਆਸ ਨਹੀਂ ਕੀਤੀ ਜਾਂਦੀ ਕਿ ਉਹ ਆਪਣਾ ਖਰਚਾ ਆਪਣੇ ਟਰੱਸਟ ਫੰਡ ਵਿਚੋਂ ਪੈਸੇ ਕੱਢ ਕੇ ਆਪ ਕਰਨ।

ਜਦੋਂ ਤੁਸੀਂ ਟਰੱਸਟ ਵਿਚੋਂ ਪਾਲਣ ਪੋਸਣ ਵਾਸਤੇ ਪੈਸੇ ਕੱਢਵਾਉਣ ਲਈ ਬੇਨਤੀ ਕਰੋ ਤਾਂ ਤੁਹਾਡਾ ਟਰੱਸਟ ਮੈਨੇਜਰ ਇਹ ਗੱਲਾਂ ਜਾਣਨੀਆਂ ਚਾਹੇਗਾ:

- ਬੇਨਤੀ ਦਾ ਕਾਰਨ
- ਪੈਸੇ ਵਰਤਣ ਦੀ ਕੋਈ ਭਵਿੱਖ ਦੀ ਪਲੈਨ (ਉਦਾਹਰਨ ਵਜੋਂ, ਉੱਚ ਪੱਧਰੀ ਪੜ੍ਹਾਈ)
- ਕਿੰਨੇ ਪੈਸੇ ਮੰਗੇ ਗਏ ਹਨ ਉਤੇ ਉਨ੍ਹਾਂ ਦੀ ਵਰਤੋਂ ਕਿਸ ਤਰ੍ਹਾਂ ਹੋਣੀ ਹੈ
- ਇਹ ਪੈਸੇ ਪਰਿਵਾਰ ਵਲੋਂ ਕਿਉਂ ਨਹੀਂ ਦਿੱਤੇ ਜਾ ਸਕਦੇ

ਇਸ ਦੇ ਨਾਲ ਟਰੱਸਟ ਮੈਨੇਜਰ ਇਹ ਗੱਲਾਂ ਵੀ ਵਿਚਾਰੇਗਾ:

- ਜਿਸ ਮਕਸਦ ਵਾਸਤੇ ਇਹ ਪੈਸੇ ਬੱਚੇ ਨੂੰ ਦਿੱਤੇ ਗਏ ਸਨ ਜਾਂ ਉਸ ਲਈ ਟਰੱਸਟ ਵਿੱਚ ਰੱਖੇ ਗਏ ਸਨ
- ਟਰੱਸਟ ਦੇ ਵਸੀਕੇ (ਡੀਡ) ਵਿੱਚ ਪੈਸਿਆਂ ਨੂੰ ਵਰਤਣ ਦੀਆਂ ਸ਼ਰਤਾਂ ਦਰਜ ਹਨ (ਜੇ ਉਹ ਪਾਲਣ ਪੋਸਣ, ਵਿਦਿਆ ਅਤੇ ਬੱਚੇ ਦੇ ਫਾਇਦੇ ਤੋਂ ਵੱਖਰੀਆਂ ਹੋਣ)
- ਟਰੱਸਟ ਵਿੱਚ ਪਏ ਫੰਡ ਦੀ ਕੁਲ ਰਕਮ
- ਪੈਸੇ ਲਏ ਜਾਣ ਦਾ ਕੋਈ ਹੋਰ ਬਦਲ ਹੋਵੇ
- ਬੱਚੇ ਦੇ ਪਿਛਲੇ ਅਤੇ ਮੌਜੂਦਾ ਰਹਿਣ ਸਹਿਣ ਦੇ ਮਿਆਰ ਵਿੱਚ ਕੋਈ ਤਬਦੀਲੀਆਂ (ਉਦਾਹਰਨ ਵਜੋਂ, ਕੀ ਮਾਪੇ ਦੀ ਮੌਤ ਕਾਰਨ ਬੱਚੇ ਦੀ ਆਰਥਿਕ ਸਥਿਤੀ ਵਿੱਚ ਕੋਈ ਤਬਦੀਲੀ ਆਈ ਹੋਵੇ)

ਜਦੋਂ ਆਪਣੇ ਬੱਚੇ ਦੇ ਪਾਲਣ ਪੋਸਣ ਵਾਸਤੇ ਟਰੱਸਟ ਫੰਡ ਵਿਚੋਂ ਪੈਸਿਆਂ ਲਈ ਬੇਨਤੀ ਕਰਨੀ ਹੋਵੇ ਤਾਂ ਆਪਣੇ ਟਰੱਸਟ ਮੈਨੇਜਰ ਨਾਲ ਸੰਪਰਕ ਕਰੋ। ਜੇ ਤੁਹਾਡੇ ਬੱਚੇ ਨੂੰ ਇਸ ਗੱਲ ਦਾ ਪਤਾ ਹੈ ਕਿ ਪਬਲਿਕ ਗਾਰਡੀਅਨ ਅਤੇ ਟਰੱਸਟੀ ਨੇ ਉਸ ਦੇ ਪੈਸੇ ਟਰੱਸਟ ਫੰਡ ਵਿੱਚ ਰੱਖੇ ਹੋਏ ਹਨ ਤਾਂ ਟਰੱਸਟ ਮੈਨੇਜਰ ਇਸ ਬਾਰੇ ਤੁਹਾਡੇ ਬੱਚੇ ਨਾਲ ਵੀ ਸਲਾਹ ਕਰ ਸਕਦਾ ਹੈ। ਤੁਹਾਡਾ ਟਰੱਸਟ ਮੈਨੇਜਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਆਪਣੀ ਬੇਨਤੀ ਅਤੇ ਬੇਨਤੀ ਲਈ ਕਾਰਨ ਲਿਖਤੀ ਤੌਰ 'ਤੇ ਦੇਣ ਲਈ ਕਹਿ ਸਕਦਾ ਹੈ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਹੈ ਕਿ ਤੁਹਾਡੀ ਬੇਨਤੀ ਬਾਰੇ ਲੋੜ ਅਨੁਸਾਰ ਗੰਭੀਰਤਾ ਨਾਲ ਵਿਚਾਰਿਆ ਜਾ ਸਕੇ।

## ਵਿਸ਼ੇਸ਼ ਮੌਕਿਆਂ ਵਾਸਤੇ ਟਰੱਸਟ ਵਿਚੋਂ ਪੈਸੇ ਕੱਢਣੇ

ਜਦੋਂ ਵਿਸ਼ੇਸ਼ ਮੌਕਿਆਂ ਵਾਸਤੇ ਫੰਡ ਵਿਚੋਂ ਪੈਸੇ ਕੱਢਣ ਦੀ ਬੇਨਤੀ ਨੂੰ ਵਿਚਾਰਿਆ ਜਾਂਦਾ ਹੈ, ਪਬਲਿਕ ਗਾਰਡੀਅਨ ਅਤੇ ਟਰੱਸਟੀ ਪਹਿਲਾਂ ਇਸ ਅਧਾਰ ਨਾਲ ਸ਼ੁਰੂ ਕਰਦਾ ਹੈ ਕਿ ਵਿਸ਼ੇਸ਼ ਮੌਕੇ ਵਾਸਤੇ ਬੱਚੇ ਦਾ ਟਰੱਸਟ ਫੰਡ ਪੈਸੇ ਪ੍ਰਾਪਤ ਕਰਨ ਦਾ ਪਹਿਲਾ ਜਾਂ ਇਕੋ ਇਕ ਸੋਮਾ ਨਾ ਸਮਝਿਆ ਜਾਵੇ। ਅਸੀਂ ਇਸ ਗੱਲ ਨੂੰ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ – ਇਸ ਤੋਂ ਪਹਿਲਾਂ ਕਿ ਤੁਹਾਡੇ ਬੱਚੇ ਦੇ ਪੈਸੇ ਖਰਚੇ ਜਾਣ – ਹੋਰ ਸੰਭਵ ਬਦਲਾਂ ਦੀ ਤਲਾਸ਼ ਕੀਤੀ ਜਾਵੇ, ਸਣੇ ਇਸ ਗੱਲ ਦੇ ਕਿ ਕੀ ਤੁਹਾਡਾ ਪਰਿਵਾਰ ਵਿਸ਼ੇਸ਼ ਮੌਕੇ ਵਾਸਤੇ ਖਰਚੇ ਵਿੱਚ ਯੋਗਦਾਨ ਪਾ ਸਕਦਾ ਹੈ।

ਜਦੋਂ ਤੁਸੀਂ ਵਿਸ਼ੇਸ਼ ਮੌਕੇ ਵਾਸਤੇ ਫੰਡ ਲੈਣ ਲਈ ਬੇਨਤੀ ਕਰੋ ਤਾਂ ਤੁਹਾਡਾ ਟਰੱਸਟ ਮੈਨੇਜਰ ਇਹ ਗੱਲਾਂ ਜਾਨਣੀਆਂ ਚਾਹੇਗਾ:

- ਵਿਸ਼ੇਸ਼ ਮੌਕਾ ਕੀ ਹੈ ਅਤੇ ਇਸ ਦਾ ਬੱਚੇ ਨੂੰ ਕੀ ਫਾਇਦਾ ਹੋਵੇਗਾ
- ਵਿਸ਼ੇਸ਼ ਮੌਕੇ ਦਾ ਸ਼ੁਰੂ ਦਾ ਕੀ ਖਰਚਾ ਹੋਵੇਗਾ ਅਤੇ ਅੱਗੋਂ ਲਈ ਕੀ ਖਰਚੇ ਹੋਣਗੇ
- ਜੇ ਟਰੱਸਟ ਫੰਡ ਨਾ ਹੋਵੇ ਤਾਂ ਕੀ ਫੇਰ ਵੀ ਬੱਚੇ ਵਾਸਤੇ ਵਿਸ਼ੇਸ਼ ਮੌਕੇ ਦੀ ਸੰਭਾਵਨਾ ਹੈ
- ਕੀ ਵਿਸ਼ੇਸ਼ ਮੌਕੇ ਵਾਸਤੇ ਪੈਸੇ ਪ੍ਰਾਪਤ ਕਰਨ ਦੇ ਕੋਈ ਹੋਰ ਬਦਲਵੇ ਸੋਮੇ ਹਨ
- ਕੀ ਕੋਈ ਸਾਂਝੇ ਤੌਰ 'ਤੇ ਖਰਚਾ ਕਰਨ ਦੀ ਸੰਭਾਵਨਾ ਹੈ (ਉਦਾਹਰਨ ਵਜੋਂ, ਮਾਪੇ ਨਾਲ ਜਾਂ ਸਰਪਰੱਸਤ ਨਾਲ)

ਇਸ ਦੇ ਨਾਲ ਟਰੱਸਟ ਮੈਨੇਜਰ ਇਹ ਗੱਲਾਂ ਵੀ ਵਿਚਾਰੇਗਾ:

- ਜਿਸ ਮਕਸਦ ਵਾਸਤੇ ਇਹ ਪੈਸੇ ਬੱਚੇ ਨੂੰ ਦਿੱਤੇ ਗਏ ਸਨ ਜਾਂ ਉਸ ਲਈ ਟਰੱਸਟ ਵਿੱਚ ਰੱਖੇ ਗਏ ਸਨ
- ਟਰੱਸਟ ਵਿੱਚ ਪਏ ਫੰਡ ਦੀ ਕੁਲ ਰਕਮ
- ਟਰੱਸਟ ਦੇ ਵਸੀਕੇ (ਡੀਡ) ਵਿੱਚ ਪੈਸਿਆਂ ਨੂੰ ਵਰਤਣ ਦੀਆਂ ਸ਼ਰਤਾਂ ਦਰਜ ਹਨ, ਜੇ ਕੋਈ ਹੋਣ ਤਾਂ
- ਟਰੱਸਟ ਦੇ ਪੈਸਿਆਂ ਦੀ ਰਕਮ ਦਾ ਭਵਿੱਖ ਬਾਰੇ ਅੰਦਾਜ਼ਾ
- ਬੱਚੇ ਦੀਆਂ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ
- ਬੱਚੇ ਦੀ ਉਮਰ

ਵਿਸ਼ੇਸ਼ ਮੌਕੇ ਲਈ ਬੇਨਤੀ ਕਰਨ ਦਾ ਅਮਲ ਉਹੀ ਹੈ ਜਿਹੜਾ ਪਾਲਣ ਪੋਸਣ ਬਾਰੇ ਬੇਨਤੀ ਕਰਨ ਦਾ ਹੈ। ਜੇ ਕਿਸੇ ਵਿਸ਼ੇਸ਼ ਚੀਜ਼ ਲਈ ਮੰਗੀ ਗਈ ਰਕਮ ਉਸ ਦੀ ਆਮ ਕੀਮਤ ਤੋਂ ਜ਼ਿਆਦਾ ਹੋਵੇ ਤਾਂ ਤੁਹਾਡੇ ਕੋਲੋਂ ਇਹ ਮੰਗ ਕੀਤੀ ਜਾ ਸਕਦੀ ਹੈ ਕਿ ਤੁਸੀਂ ਕਿਸੇ ਤੀਜੇ ਸੋਮੇ ਤੋਂ ਉਸ ਦੀ ਕੀਮਤ ਬਾਰੇ ਪਤਾ ਲੈ ਕੇ ਦੇਵੋ ਜਿਵੇਂ ਕਿ ਉਸ ਚੀਜ਼ ਦੀ ਸਪਲਾਈ ਕਰਨ ਵਲਿਆਂ ਕੋਲੋਂ।

## ਸਾਰਅੰਸ਼

ਤੁਹਾਡਾ ਟਰੱਸਟ ਮੈਨੇਜਰ ਤੁਹਾਡੇ ਨਾਲ ਰਲ ਕੇ ਕੰਮ ਕਰਦਾ ਹੈ ਤਾਂ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਬੱਚੇ ਦਾ ਟਰੱਸਟ ਤੁਹਾਡੇ ਬੱਚੇ ਦੇ ਫਾਇਦੇ ਵਾਸਤੇ ਵਰਤਿਆ ਜਾਵੇ, ਅਤੇ ਤੁਹਾਡੇ ਬੱਚੇ ਬਾਰੇ ਤੁਹਾਡੀਆਂ ਭਵਿੱਖ ਦੀਆਂ ਯੋਜਨਾਵਾਂ ਅਤੇ – ਤੁਹਾਡੇ ਬੱਚੇ ਦੀਆਂ ਆਪਣੇ ਭਵਿੱਖ ਬਾਰੇ ਯੋਜਨਾਵਾਂ – ਨੂੰ ਹਮੇਸ਼ਾਂ ਵਿਚਾਰ ਅਧੀਨ ਲਿਆਂਦਾ ਜਾਵੇ।

ਜਦੋਂ ਕਿ ਅਸੀਂ ਕੋਸ਼ਸ਼ ਕਰਦੇ ਹਾਂ ਕਿ ਬੱਚੇ ਦੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਵਿੱਚ ਅਸੀਂ ਤੁਹਾਡੀ ਮਦਦ ਕਰ ਸਕੀਏ, ਪਬਲਿਕ ਗਾਰਡੀਅਨ ਅਤੇ ਟਰੱਸਟੀ ਦਾ ਇਹ ਵੀ ਫਰਜ਼ ਹੈ ਕਿ ਉਹ ਸਿਆਣਪ ਨਾਲ ਕੰਮ ਕਰੇ ਅਤੇ ਫੰਡ ਖਰਚ ਕਰਨ ਦੇ ਇਰਾਦੇ ਅਤੇ ਵਰਤੋਂ ਢੁੱਕਵੀਂ ਹੋਵੇ ਅਤੇ ਅਦਾਲਤ ਵਲੋਂ ਦਿੱਤੀਆਂ ਹਿਦਾਇਤਾਂ ਦਾ ਮਾਣ ਕੀਤਾ ਜਾਵੇ।

ਜੇ ਟਰੱਸਟ ਵਿਚੋਂ ਕੀਤੇ ਗਏ ਖਰਚੇ ਬਾਰੇ ਫੈਸਲਿਆਂ ਸਬੰਧੀ ਤੁਹਾਡੇ ਮਨ ਵਿੱਚ ਕੋਈ ਸਵਾਲ ਹੋਣ, ਕਿਰਪਾ ਕਰਕੇ ਉਹ ਆਪਣੇ ਟਰੱਸਟ ਮੈਨੇਜਰ ਨਾਲ ਵਿਚਾਰੋ।

# 5 ਆਖਰੀ ਵੰਡ (ਫਾਈਨਲ ਡਿਸਟ੍ਰਿਬਿਊਸ਼ਨ)

## ਟਰੱਸਟ ਫੰਡ ਵਿਚਲੇ ਪੈਸੇ ਦੇਣੇ (ਰਿਲੀਜ਼ ਕਰਨੇ)

ਬਹੁਤੀਆਂ ਹਾਲਤਾਂ ਵਿੱਚ ਜਦੋਂ ਤੁਹਾਡਾ ਬੱਚਾ 19 ਸਾਲ ਦਾ ਹੁੰਦਾ ਹੈ, ਉਹ ਕਾਨੂੰਨੀ ਤੌਰ 'ਤੇ ਬਾਲਗ ਹੋ ਜਾਂਦਾ/ਜਾਂਦੀ ਹੈ ਅਤੇ ਜਿਹੜੇ ਪੈਸੇ ਉਹਦੇ ਵਾਸਤੇ ਟਰੱਸਟ ਵਿੱਚ ਰੱਖੇ ਹੁੰਦੇ ਹਨ ਉਹ ਉਸ ਨੂੰ ਦੇ ਦਿੱਤੇ ਜਾਂਦੇ ਹਨ। ਪਰ, ਜੇ ਫੰਡ ਵਿੱਚ ਰੱਖੇ ਪੈਸੇ ਕਿਸੇ ਵਸੀਅਤ ਦੇ ਨਤੀਜੇ ਵਜੋਂ ਜਾਂ ਅਦਾਲਤ ਦੇ ਹੁਕਮ ਅਨੁਸਾਰ ਹੋਣ ਜਿਹੜਾ ਇਹ ਕਹਿੰਦਾ ਹੋਵੇ ਕਿ ਫੰਡ 19 ਸਾਲ ਦੀ ਉਮਰ ਵੇਲੇ ਨਹੀਂ ਕਿਸੇ ਹੋਰ ਉਮਰੇ ਦਿੱਤੇ ਜਾਣੇ ਹਨ, ਤਾਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਉਸ ਦਸਤਾਵੇਜ਼ ਵਿਚਲੀਆਂ ਹਿਦਾਇਤਾਂ ਅਨੁਸਾਰ ਫੈਸਲਾ ਲਵੇਗਾ।

ਦੋਵਾਂ ਹੀ ਸੂਰਤਾਂ ਵਿੱਚ ਪਬਲਿਕ ਗਾਰਡੀਅਨ ਅਤੇ ਟਰੱਸਟੀ ਟਰੱਸਟ ਵਿਚਲੇ ਪੈਸਿਆਂ ਨੂੰ ਰਿਲੀਜ਼ ਕਰ ਦੇਵੇਗਾ ਜੇ ਅਜਿਹਾ ਕੋਈ ਕਾਰਨ ਨਾ ਹੋਵੇ ਕਿ ਬੱਚਾ ਕਾਨੂੰਨੀ ਤੌਰ 'ਤੇ ਆਪਣੇ ਪੈਸੇ ਅਤੇ ਆਰਥਿਕਤਾ ਨਾਲ ਸਬੰਧਤ ਮਸਲਿਆਂ ਨਾਲ ਨਿਪਟਣ ਯੋਗ ਨਹੀਂ।

ਜਦੋਂ ਤੁਹਾਡਾ ਬੱਚਾ 19 ਸਾਲਾਂ ਦਾ ਹੋਵੇ ਤਾਂ ਉਸ ਤੋਂ ਤਕਰੀਬਨ 30 ਦਿਨ ਪਹਿਲਾਂ ਤੁਹਾਡੇ ਬੱਚੇ ਨੂੰ ਪਬਲਿਕ ਗਾਰਡੀਅਨ ਅਤੇ ਟਰੱਸਟੀ ਵਲੋਂ ਇਕ ਜਾਣਕਾਰੀ ਵਾਲਾ ਪੈਕਿਜ ਮਿਲੇਗਾ। ਇਸ ਵਿੱਚ ਤੁਹਾਡੇ ਬੱਚੇ ਦੇ ਖਾਤੇ ਵਿਚਲੀ ਰਕਮ ਦਾ ਹਿਸਾਬ ਹੋਵੇਗਾ ਅਤੇ ਇਕ ਫੰਡ ਦੀ ਵੰਡ ਬਾਰੇ ਫਾਰਮ (ਡਿਸਟ੍ਰਿਬਿਊਸ਼ਨ ਫਾਰਮ) ਵਾਸਤੇ ਬੇਨਤੀ ਹੋਵੇਗੀ ਕਿ ਤੁਹਾਡਾ ਬੱਚਾ ਜਾਂ ਬੱਚੀ ਉਸ 'ਤੇ ਦਸਤਖਤ ਕਰੇ ਜਦੋਂ ਉਹ 19 ਸਾਲਾਂ ਦੀ/ਦਾ ਹੋ ਜਾਵੇ।

## ਆਪਣੇ ਬੱਚੇ ਨੂੰ ਟਰੱਸਟ ਬਾਰੇ ਦੱਸਣਾ

ਸਾਡੇ ਤਜਰਬੇ ਅਨੁਸਾਰ ਬਹੁਤੇ ਮਾਪੇ ਆਪਣੇ ਬੱਚੇ ਨੂੰ ਉਸ ਦੇ 16ਵੇਂ ਜਨਮ ਦਿਨ ਤੋਂ ਪਹਿਲਾਂ ਟਰੱਸਟ ਵਿਚਲੇ ਪੈਸਿਆਂ ਬਾਰੇ ਦੱਸਦੇ ਹਨ। ਪਰ ਕਈ ਮਾਪੇ ਕਈ ਕਾਰਨਾਂ ਕਰਕੇ ਯਕੀਨ ਕਰਦੇ ਹਨ ਕਿ ਉਨ੍ਹਾਂ ਚਿਰ ਬੱਚੇ ਨੂੰ ਇਹ ਜਾਣਕਾਰੀ ਨਾ ਦਿੱਤੀ ਜਾਵੇ ਜਿੰਨਾ ਚਿਰ ਉਹ ਇਹ ਮਹਿਸੂਸ ਨਾ ਕਰਨ ਕਿ ਬੱਚਾ ਏਡੀ ਵੱਡੀ ਰਕਮ ਨਾਲ ਸਬੰਧਤ ਮੌਕੇ ਅਤੇ ਸੰਭਾਵਨਾਵਾਂ ਅਤੇ ਨਤੀਜਿਆਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਅਸੀਂ ਇਹ ਸਮਝਦੇ ਹਾਂ ਕਿ ਇਹ ਤੁਹਾਡਾ ਜਾਤੀ ਫੈਸਲਾ ਹੈ ਅਤੇ ਅਸੀਂ ਇਸ ਦਾ ਸਤਿਕਾਰ ਕਰਦੇ ਹਾਂ।

ਜੇ ਤੁਸੀਂ ਆਪਣੇ ਬੱਚੇ ਨੂੰ ਟਰੱਸਟ ਬਾਰੇ ਦੱਸ ਦਿੱਤਾ ਹੈ ਤਾਂ ਤੁਹਾਡਾ ਟਰੱਸਟ ਮੈਨੇਜਰ ਬੱਚੇ ਨੂੰ ਇਹ ਯੋਜਨਾ ਬਣਾਉਣ ਵਿੱਚ ਸ਼ਾਮਲ ਕਰੇਗਾ ਕਿ ਫੰਡ ਕਦੋਂ ਦਿੱਤੇ ਜਾਣ। ਜੇ ਤੁਹਾਡਾ ਫੈਸਲਾ ਹੈ ਕਿ ਬੱਚੇ ਨੂੰ ਦੱਸਣਾ ਨਹੀਂ, ਤਾਂ ਤੁਹਾਡਾ ਟਰੱਸਟ ਮੈਨੇਜਰ ਬੱਚੇ ਨੂੰ ਟਰੱਸਟ ਨਾਲ ਸਬੰਧਤ ਕਿਸੇ ਵਿਚਾਰ ਵਟਾਂਦਰੇ ਜਾਂ ਜਾਣਕਾਰੀ ਦੇ ਅਦਾਨ ਪ੍ਰਦਾਨ ਵਿੱਚ ਸ਼ਾਮਲ ਨਹੀਂ ਕਰੇਗਾ। ਪਰ ਅਸੀਂ ਇਸ ਗੱਲ ਦੀ ਜ਼ੋਰ ਨਾਲ ਸਲਾਹ ਦਿੰਦੇ ਹਾਂ ਕਿ ਤੁਸੀਂ ਆਪਣੇ ਬੱਚੇ ਨੂੰ ਟਰੱਸਟ ਫੰਡ ਦੇ ਪੈਸਿਆਂ ਸਬੰਧੀ ਫੈਸਲੇ ਵਿੱਚ ਸ਼ਾਮਲ ਕਰੋ, ਖਾਸ ਕਰਕੇ ਜਦੋਂ ਉਹ 19 ਸਾਲ ਦੇ ਹੋਣ ਵਾਲੇ ਹੋਣ।

ਤੁਹਾਡੇ ਬੱਚੇ ਦੀ ਉਮਰ ਭਾਵੇਂ ਕਿੰਨੀ ਵੀ ਹੋਵੇ ਜੇ ਉਹ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੇ ਦਫਤਰ ਨਾਲ ਟਰੱਸਟ ਵਿਚਲੇ ਪੈਸਿਆਂ ਬਾਰੇ ਜਾਣਕਾਰੀ ਲੈਣ ਲਈ ਸੰਪਰਕ ਕਰੇ, ਤਾਂ ਅਸੀਂ ਇਹ ਜਾਣਕਾਰੀ ਉਸ ਤੋਂ ਲੁਕਾ ਨਹੀਂ ਸਕਦੇ। ਟਰੱਸਟ ਮੈਨੇਜਰ ਬੱਚੇ ਨੂੰ ਉਤਸ਼ਾਹਿਤ ਕਰੇਗਾ ਕਿ ਉਹ ਇਸ ਬਾਰੇ ਤੁਹਾਡੇ ਨਾਲ ਗੱਲਬਾਤ ਕਰੇ।

ਆਪਣੇ ਬੱਚੇ ਨੂੰ ਟਰੱਸਟ ਬਾਰੇ ਦੱਸਣ ਦੇ ਵੱਖਰੇ ਵੱਖਰੇ ਵਿਚਾਰਾਂ ਸਬੰਧੀ ਜੇ ਤੁਸੀਂ ਕਿਸੇ ਨਾਲ ਗੱਲ ਕਰਨੀ ਚਾਹੋ ਤਾਂ ਆਪਣੇ ਟਰੱਸਟ ਮੈਨੇਜਰ ਨਾਲ ਸੰਪਰਕ ਕਰੋ। ਟਰੱਸਟ ਮੈਨੇਜਰ ਦੂਜੇ ਮਾਪਿਆਂ ਦੇ ਤਜਰਬੇ ਤੁਹਾਡੇ ਨਾਲ ਸਾਂਝੇ ਕਰ ਸਕਦਾ ਹੈ ਜਦ ਕਿ ਉਹ ਉਨ੍ਹਾਂ ਦੀ ਭੇਤਦਾਰੀ ਦਾ ਵੀ ਖਿਆਲ ਰੱਖੇਗਾ।

## ਤੁਹਾਡੇ ਬੱਚੇ ਦੇ 19 ਸਾਲਾਂ ਦਾ ਹੋਣ ਤੋਂ ਪਹਿਲਾਂ ਯੋਜਨਾ ਬਣਾਉਣੀ

ਜਦੋਂ ਤੁਹਾਡਾ ਬੱਚਾ 16 ਸਾਲਾਂ ਦਾ ਹੋ ਜਾਵੇ, ਜਾਂ ਟਰੱਸਟ ਵਲੋਂ ਬੱਚੇ ਨੂੰ ਪੈਸੇ ਦੇਣ ਦੇ ਦੱਸੇ ਸਮੇਂ ਤੋਂ ਤਿੰਨ ਸਾਲ ਪਹਿਲਾਂ ਅਸੀਂ ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਟਰੱਸਟ ਵਿਚਲੇ ਪੈਸਿਆਂ ਨੂੰ ਦੇਣ ਬਾਰੇ ਪਲੈਨ ਕਰਨ ਲਈ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਾਂ।

ਤੁਹਾਡੇ ਬੱਚੇ ਦੇ 16ਵੇਂ ਜਨਮ ਦਿਨ ਦੇ ਨੇੜੇ ਤੁਹਾਨੂੰ ਇਕ ਜਾਣਕਾਰੀ ਵਾਲਾ ਪੈਕੇਜ ਮਿਲੇਗਾ ਜਿਸ ਵਿੱਚ ਖਾਤੇ ਵਿਚਲੀ ਰਕਮ ਦੀ ਮੌਜੂਦਾ ਕੀਮਤ ਵੀ ਸ਼ਾਮਲ ਹੋਵੇਗੀ। ਇਸ ਗੱਲ 'ਤੇ ਅਧਾਰ ਉੱਤੇ ਕਿ ਖਾਤੇ ਵਿੱਚ ਕਿੰਨੀ ਰਕਮ ਹੈ ਤੁਹਾਨੂੰ ਇਹ ਜਾਣਕਾਰੀ ਮਿਲੇਗੀ:

- ਕਮਿਊਨਿਟੀ ਵਿੱਚ ਉਪਲੱਬਧ ਆਰਥਿਕ ਸੋਮੇ, ਜਿਵੇਂ ਬੈਂਕਾਂ ਅਤੇ ਦੂਜੇ ਆਰਥਿਕ ਅਦਾਰੇ ਜਿਨ੍ਹਾਂ ਕੋਲ ਪਲੈਨ ਕਰਨ ਦੀਆਂ ਸੇਵਾਵਾਂ ਹੁੰਦੀਆਂ ਹਨ।
- ਟਰੱਸਟ ਵਲੋਂ ਮਿਲ ਸਕਣ ਵਾਲੀ ਕੋਈ ਵੀ ਆਰਥਿਕ ਮਦਦ ਜਿਹੜੀ ਤੁਹਾਡੇ ਬੱਚੇ ਨੂੰ ਆਪਣੇ ਪੈਸਿਆਂ ਦੀ ਦੇਖਭਾਲ ਖੁਦ ਕਰਨ ਲਈ ਤਿਆਰ ਕਰ ਸਕਦੀ ਹੋਵੇ।
- ਆਮ ਸਲਾਹ ਮਸ਼ਵਰੇ ਦੀਆਂ ਸੇਵਾਵਾਂ ਦੀ ਪੇਸ਼ਕਸ਼ ਤਾਂ ਕਿ ਤੁਹਾਡੇ ਬੱਚੇ ਨੂੰ ਜਦੋਂ ਪੈਸੇ ਮਿਲਣੇ ਹੋਣ ਉਸ ਬਾਰੇ ਪਲੈਨ ਬਾਰੇ ਵਿਚਾਰ ਵਟਾਂਦਰਾ ਕੀਤਾ ਜਾ ਸਕੇ।

## ਪੈਸਿਆਂ ਦੀ ਖੁਦ ਦੇਖਭਾਲ ਕਰ ਸਕਣ ਦੀ ਤੁਹਾਡੇ ਬੱਚੇ ਦੀ ਯੋਗਤਾ ਬਾਰੇ ਸਵਾਲ

ਅਸੀਂ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਕੁਝ ਮਾਪੇ ਇਸ ਗੱਲ ਬਾਰੇ ਫਿਕਰਮੰਦ ਹੋ ਸਕਦੇ ਹਨ ਕਿ ਉਨ੍ਹਾਂ ਦੇ ਬੱਚੇ ਨੂੰ 19 ਸਾਲ ਦੀ ਉਮਰ ਵੇਲੇ ਵੱਡੀ ਰਕਮ ਮਿਲੇਗੀ। ਪਰ ਕਾਨੂੰਨ ਇਹ ਕਹਿੰਦਾ ਹੈ ਤੁਹਾਡਾ ਬੱਚਾ ਉਨ੍ਹਾਂ ਪੈਸਿਆਂ ਦਾ ਹੱਕਦਾਰ ਹੈ ਜਿਹੜੇ ਅਸੀਂ ਟਰੱਸਟ ਫੰਡ ਵਿੱਚ ਉਹਦੇ ਵਾਸਤੇ ਸਾਂਭੇ ਹੋਏ ਹਨ ਅਤੇ ਅਸੀਂ ਉਸ ਨੂੰ ਉਹ ਪੈਸੇ ਦੇਣ ਤੋਂ ਨਾਂਹ ਨਹੀਂ ਕਰ ਸਕਦੇ ਜਿੰਨਾ ਚਿਰ ਕੋਈ ਬੱਚੇ ਵਿੱਚ ਇਹੋ ਜਿਹੇ ਅਸਾਰ ਨਾ ਦਿਸਦੇ ਹੋਣ ਕਿ ਬੱਚਾ ਕਾਨੂੰਨੀ ਤੌਰ 'ਤੇ ਆਪਣੇ ਪੈਸਿਆਂ ਦੀ ਦੇਖਭਾਲ ਕਰਨ ਦੀ ਯੋਗਤਾ ਨਹੀਂ ਰੱਖਦਾ। ਕਿਉਂਕਿ ਉਨ੍ਹਾਂ ਨੂੰ 19 ਸਾਲ ਦੇ ਹੋਣ ਕਰਕੇ ਬਾਲਗ ਮੰਨਿਆਂ ਜਾਂਦਾ ਹੈ, ਇਸ ਕਰਕੇ ਅਸੀਂ ਤੁਹਾਡੇ ਬੱਚੇ ਦੇ ਪੈਸੇ ਨਹੀਂ ਰੋਕ ਸਕਦੇ ਸਿਰਫ ਇਸ ਕਰਕੇ ਕਿ ਤੁਸੀਂ ਮਹਿਸੂਸ ਕਰਦੇ ਹੋ ਕਿ ਬੱਚਾ ਜ਼ਿੰਮੇਵਾਰ ਜਾਂ ਸਿਆਣਾ ਨਹੀਂ ਹੈ।

ਜੇ ਤੁਹਾਡੇ ਜਾਂ ਤੁਹਾਡੇ ਬੱਚੇ ਦੇ ਮਨ ਵਿੱਚ ਕੋਈ ਇਸ ਕਿਸਮ ਦੇ ਫਿਕਰ ਹੋਣ ਤਾਂ ਕਿਰਪਾ ਕਰੇ ਵਕੀਲ ਨਾਲ ਗੱਲ ਕਰੋ ਜਿਹੜਾ ਤੁਹਾਡੇ ਬੱਚੇ ਨੂੰ 19 ਸਾਲ ਦਾ ਹੋਣ 'ਤੇ ਉਨ੍ਹਾਂ ਚੋਣਾਂ ਬਾਰੇ ਦੱਸ ਸਕੇ ਜਿਹੜੀਆਂ ਉਹਨੂੰ ਉਪਲੱਬਧ ਹਨ।

## ਜਦੋਂ ਤੁਹਾਡੇ ਬੱਚੇ ਦੀ ਯੋਗਤਾ ਬਾਰੇ ਤੁਹਾਡੇ ਮਨ ਵਿੱਚ ਗੰਭੀਰ ਫਿਕਰ ਹੋਣ

ਕਈ ਹਾਲਤ ਅਜਿਹੇ ਹੁੰਦੇ ਹਨ ਜਿੱਥੇ 19 ਸਾਲ ਦੀ ਉਮਰ ਦਾ ਹੋਣ ਵਾਲਾ ਬੱਚਾ ਆਪਣੇ ਪੈਸਿਆਂ ਦੀ ਦੇਖਭਾਲ ਕਰਨ ਦੀ *ਦਿਮਾਗੀ ਯੋਗਤਾ* ਨਾ ਰੱਖਦਾ ਹੋਵੇ। ਇਨ੍ਹਾਂ ਬੱਚਿਆਂ ਨੂੰ ਬਾਲਗ ਹੋਣ 'ਤੇ ਮਦਦ ਦੀ ਲੋੜ ਪਵੇਗੀ ਅਤੇ ਇਸ ਕਰਕੇ ਬਦਲਵੀਂ ਯੋਜਨਾ ਬਣਾਉਣੀ ਜ਼ਰੂਰੀ ਹੋਵੇਗੀ। ਤੁਹਾਡਾ ਟਰੱਸਟ ਮੈਨੇਜਰ ਇਸ ਸਥਿਤੀ ਬਾਰੇ ਕਾਫੀ ਤਜਰਬਾ ਰੱਖਦਾ ਹੁੰਦਾ ਹੈ ਅਤੇ ਉਹ ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਮਿਲ ਕੇ ਭਵਿੱਖ ਵਾਸਤੇ ਪਲੈਨ ਬਣਾਉਣ ਦਾ ਕੰਮ ਕਰੇਗਾ।

ਜਿੰਨੀ ਵੀ ਛੇਤੀ ਸੰਭਵ ਹੋ ਸਕੇ ਇਸ ਬਾਰੇ ਵਿਚਾਰ ਵਟਾਂਦਰਾ ਸ਼ੁਰੂ ਹੋ ਜਾਣਾ ਚਾਹੀਦਾ ਹੈ, ਖਾਸ ਕਰ ਉਦੋਂ ਤੱਕ ਤਾਂ ਜ਼ਰੂਰ ਹੀ ਜਦੋਂ ਤੁਹਾਡਾ ਬੱਚਾ 16 ਸਾਲ ਦੀ ਉਮਰ ਦਾ ਹੋ ਜਾਵੇ, ਇਹ ਉਹ ਉਮਰ ਹੈ ਜਦੋਂ ਤੁਹਾਡਾ ਟਰੱਸਟ ਮੈਨੇਜਰ ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਮਿਲ ਕੇ ਪੈਸਿਆਂ ਦੀ ਦੇਖਭਾਲ ਬਾਰੇ ਕੰਮ ਕਰਨਾ ਸ਼ੁਰੂ ਕਰਦਾ ਹੈ।

ਜਦ ਤੁਸੀਂ ਮਿਲ ਕੇ ਪਲੈਨ ਤਿਆਰ ਕਰਨ ਲਈ ਕੰਮ ਕਰਨਾ ਸ਼ੁਰੂ ਕਰਦੇ ਹੋ ਤਾਂ ਤੁਹਾਡਾ ਟਰੱਸਟ ਮੈਨੇਜਰ ਤੁਹਾਡੇ ਬੱਚੇ ਦੀ ਫਾਈਲ ਦਾ ਨਿਰੀਖਣ ਕਰਦਾ ਹੈ ਅਤੇ ਉਹ ਇਸ ਗੱਲ ਦਾ ਸੁਝਾਅ ਦੇ ਸਕਦਾ ਹੈ ਕਿ ਪੇਸ਼ਾਵਰਾਂ ਕੋਲੋਂ ਅਤੇ ਤੁਹਾਡੇ ਬੱਚੇ ਨਾਲ ਕੰਮ ਕਰ ਰਹੇ ਦੂਜੇ ਲੋਕਾਂ ਕੋਲੋਂ ਹੋਰ ਜਾਣਕਾਰੀ ਇਕੱਤਰ ਕੀਤੀ ਜਾਵੇ।

ਜਦੋਂ ਯੋਜਨਾ ਬਣਾਈ ਜਾ ਰਹੀ ਹੋਵੇ, ਸੰਭਵ ਹੈ ਕਿ ਤੁਹਾਨੂੰ ਆਰਥਿਕ, ਕਾਨੂੰਨੀ ਅਤੇ ਟੈਕਸ ਬਾਰੇ ਸਲਾਹ ਦੀ ਲੋੜ ਪਵੇ। ਤੁਹਾਡਾ ਟਰੱਸਟ ਮੈਨੇਜਰ ਤੁਹਾਨੂੰ ਤੁਹਾਡੀ ਕਮਿਊਨਿਟੀ ਵਿੱਚ ਉਪਲੱਬਧ ਵੱਖਰੇ ਵੱਖਰੇ ਸੋਮਿਆਂ ਵਲ ਸੇਧਿਤ ਕਰ ਸਕਦਾ ਹੈ ਅਤੇ ਤੁਹਾਨੂੰ ਦੱਸ ਸਕਦਾ ਹੈ ਕਿ ਕੀ ਉਹ ਪੇਸ਼ਾਵਰ ਸੇਵਾਵਾਂ ਟਰੱਸਟ ਦੇ ਪੈਸਿਆਂ ਨਾਲ ਲਈਆਂ ਜਾ ਸਕਦੀਆਂ ਹਨ ਜਾਂ ਨਹੀਂ।

ਤੁਸੀਂ ਮਦਦ ਲਈ ਮਨਿਸਟਰੀ ਆਫ ਚਿਲਡਰਨ ਐਂਡ ਫੈਮਲੀ ਡਿਵੈਲਪਮੈਂਟ, ਕਮਿਊਨਿਟੀ ਲਿਵਿੰਗ ਸਰਵਿਸਜ਼ ਅਤੇ ਆਸ ਪਾਸ ਦੇ ਅਦਾਰਿਆਂ ਤੋਂ ਵੀ ਪਤਾ ਲੈ ਸਕਦੇ ਹੋ। ਤੁਹਾਡੇ ਬੱਚੇ ਦਾ ਟਰੱਸਟ ਮੈਨੇਜਰ ਤੁਹਾਨੂੰ ਢੁੱਕਵੇਂ ਸੰਪਰਕ ਦੇ ਸਕਦਾ ਹੈ।

ਤੁਸੀਂ ਬਦਲਵੇਂ ਫੈਸਲੇ ਕਰਨ ਵਾਲੀਆਂ ਚੋਣਾਂ ਬਾਰੇ ਵੀ ਪਤਾ ਲੈ ਸਕਦੇ ਹੋ ਜਿਵੇਂ ਕਿ ਕਮੇਟੀਸ਼ਿੱਪ[1] ਜਾਂ ਰਿਪ੍ਰੇਜ਼ੈਂਟੇਸ਼ਨ ਐਗਰੀਮੈਂਟ। ਤੁਹਾਡੇ ਬੱਚੇ ਦਾ ਟਰੱਸਟ ਮਨੇਜਰ ਤੁਹਾਨੂੰ ਸਾਡੀਆਂ ਸੇਵਾਵਾਂ ਵਲੋਂ ਅਡੱਲਟ ਡਿਵੀਯਨ ਵਿੱਚ ਵਿਸ਼ੇਸ਼ੱਗ ਸਟਾਫ ਮੈਂਬਰ ਕੋਲ ਭੇਜੇਗਾ, ਜਿਹੜਾ ਤੁਹਾਨੂੰ ਮਿਲ ਸਕਣ ਵਾਲੀਆਂ ਵੱਖਰੀਆਂ ਵੱਖਰੀਆਂ ਚੋਣਾਂ ਬਾਰੇ ਵਿਸਥਾਰ ਵਿੱਚ ਦੱਸੇਗਾ।

ਕਿਰਪਾ ਕਰਕੇ ਯਕੀਨ ਰੱਖੋ ਕਿਉਂਕਿ ਤੁਹਾਨੂੰ ਬਹੁਤ ਸਾਰੀਆਂ ਚੋਣਾਂ ਅਤੇ ਸੇਵਾਵਾਂ ਮਿਲ ਸਕਦੀਆਂ ਹਨ। ਅਸੀਂ ਤੁਹਾਡੇ ਨਾਲ ਮਿਲ ਕੇ ਕੰਮ ਕਰਾਂਗੇ ਤਾਂ ਕਿ ਤੁਹਾਡਾ ਬੱਚਾ ਜਾਂ ਬੱਚੀ ਆਪਣੇ ਨਿਸ਼ਾਨੇ 'ਤੇ ਪਹੁੰਚ ਸਕੇ ਅਤੇ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਹੋਵੇ।

*1. ਕਮੇਟੀਸ਼ਿੱਪ ਇਕ ਲੀਗਲ ਅਧਿਕਾਰ ਹੁੰਦਾ ਹੈ ਜਿਹੜ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ, ਇਹ ਵਿਅਕਤੀ ਨੂੰ ਕਿਸੇ ਹੋਰ ਵਿਅਕਤੀ ਵਲੋਂ ਉਸ ਦੇ ਕਾਨੂੰਨੀ, ਆਰਥਿਕ ਕੰਮਕਾਰਾਂ ਦਾ ਪ੍ਰਬੰਧ ਕਰਨ ਦਾ ਅਧਿਕਾਰ ਦਿੰਦੀ ਹੈ।*

# 6 ਆਪਣੇ ਬੱਚੇ ਦੇ ਪੈਸਿਆਂ ਦਾ ਨਿਵੇਸ਼ ਕਰਨਾ

ਤੁਹਾਡੇ ਬੱਚੇ ਦੇ ਟਰੱਸਟੀ ਹੋਣ ਵਜੋਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਲਈ ਜ਼ਰੂਰੀ ਹੈ ਕਿ ਉਹ ਵਪਾਰ ਦੇ ਸਿਆਣਪ ਭਰਪੂਰ ਅਮਲਾਂ ਦੀ ਪਾਲਣਾ ਕਰੇ, ਅਤੇ ਅਮਾਨਤੀ (ਫਿਡੂਸ਼ੀਅਰੀ) ਦੇ ਅਸੂਲਾਂ ਨਾਲ ਬੱਝਾ ਰਹੇ ਅਤੇ ਇਸ ਗੱਲ ਨੂੰ ਯਾਦ ਰੱਖੇ ਕਿ ਉਹ ਅਖੀਰ ਵਿੱਚ ਆਪਣੀ ਅਸਾਮੀ ਅਤੇ ਅਦਾਲਤ ਅੱਗੇ ਜਵਾਬਦੇਹ ਹੈ। ਅਮਾਨਤੀ ਦੇ ਫਰਜ਼ ਦੀ ਇਹ ਮੰਗ ਹੈ ਕਿ ਨਿਵੇਸ਼ ਦੇ ਕੰਮ ਨੂੰ ਇਕ ਸਿਆਣੇ ਪੂੰਜੀ ਨਿਵੇਸ਼ ਵਾਂਗ ਧਿਆਨ, ਜਾਚ ਅਤੇ ਉੱਦਮ ਨਾਲ ਕੀਤਾ ਜਾਵੇ

ਟਰੱਸਟ ਵਿੱਚ ਪਏ ਪੈਸਿਆਂ ਦਾ ਕਾਨੂੰਨ ਅਨੁਸਾਰ ਨਿਵੇਸ਼ ਕੀਤਾ ਜਾਂਦਾ ਹੈ, ਅਤੇ ਸਾਰੇ ਨਿਵੇਸ਼ *ਫਾਈਨੈਂਸ਼ੀਅਲ ਐਡਮਿਨਸਟ੍ਰੇਸ਼ਨ ਐਕਟ, ਟਰੱਸਟੀ ਐਕਟ, ਅਤੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਐਕਟ* ਦੇ ਅਧੀਨ ਅਤੇ ਜਾਂ ਅਦਾਲਤ ਅਧੀਨ ਕੰਮ ਕਰਦੇ ਹਨ।

ਅਸਾਮੀਆਂ ਦੇ ਪੈਸੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੇ ਆਮ (ਕਾਮਨ) ਫੰਡ ਵਿੱਚ ਲਾਏ ਜਾ ਸਕਦੇ ਹਨ ਜਾਂ ਅੰਦਰੂਨੀ ਤੌਰ ’ਤੇ ਕਿਸੇ ਨਿਵੇਸ਼ ਦੀਆਂ ਸੇਵਾ ਦੇਣ ਵਾਲੇ ਦੀਆਂ ਸੇਵਾਵਾਂ ਵਰਤ ਕੇ ਵੀ ਲਾਏ ਜਾ ਸਕਦੇ ਹਨ।

## ਪਬਲਿਕ ਗਾਰਡੀਅਨ ਅਤੇ ਟਰੱਸਟੀ ਪ੍ਰੀਮੀਅਮ ਮਨੀ ਮਾਰਕਿਟ ਫੰਡ

ਪਬਲਿਕ ਗਾਰਡੀਅਨ ਅਤੇ ਟਰੱਸਟੀ ਪੈਸਿਆਂ ਨੂੰ ਪਬਲਿਕ ਗਾਰਡੀਅਨ ਅਤੇ ਟਰੱਸਟੀ ਪ੍ਰੀਮੀਅਮ ਮਨੀ ਮਾਰਕਿਟ ਫੰਡ ਵਿੱਚ ਲਾਉਂਦਾ ਹੈ ਜਿਸ ਦਾ ਪ੍ਰਬੰਧ ਬੀ ਸੀ ਇਨਵੈਸਟਮੈਂਟ ਮੈਨੇਜਮੈਂਟ ਕਾਰਪੋਰੇਸ਼ਨ ਦੁਆਰਾ ਕੀਤਾ ਜਾਂਦਾ ਹੈ।

ਇਸ ਫੰਡ ਵਿੱਚ 65% ਪੈਸੇ ਦੀ ਮੰਡੀ ਦੀਆਂ ਸਿਕਿਊਰਟੀਆਂ ਹੁੰਦੀਆਂ ਹਨ ਅਤੇ 35% ਸਰਕਾਰ ਦੇ ਥੋੜ੍ਹੇ ਸਮੇਂ ਵਾਲੇ ਬਾਂਡ ਹੁੰਦੇ ਹਨ ਅਤੇ ਕਮਾਈ ਦੀ ਦਰ ਸਰਕਾਰ ਦੇ ਤਿੰਨ ਸਾਲਾਂ ਦੇ ਬਾਂਡ ਦੇ ਬਰਾਬਰ ਹੁੰਦੀ ਹੈ। ਇਨ੍ਹਾਂ ਪੈਸਿਆਂ ਤੋਂ ਕਮਾਇਆ ਵਿਆਜ਼ ਅਸਾਮੀ ਦੇ ਖਾਤੇ ਵਿੱਚ ਹਰ ਮਹੀਨੇ ਜਮ੍ਹਾਂ ਕੀਤਾ ਜਾਂਦਾ ਹੈ। ਇਸ ਫੰਡ ਵਿੱਚ ਤੁਹਾਡੇ ਬੱਚੇ ਦੇ ਪੈਸੇ ਸਹਿਜੇ ਵਟ ਸਕਣ ਵਾਲੀ ਨਗਦੀ ਦੀ ਅਵਸਥਾ ਵਿੱਚ ਹੁੰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਸਮੇਂ ਵੀ ਬਿਨਾਂ ਕਿਸੇ ਕਿਸਮ ਦੀ ਪੈਨਲਟੀ ਦਿੱਤਿਆਂ ਕੱਢਿਆ ਜਾ ਸਕਦਾ ਹੈ।

## ਪਬਲਿਕ ਗਾਰਡੀਅਨ ਅਤੇ ਟਰੱਸਟੀ ਦੀ ਨਿਵੇਸ਼ ’ਤੇ ਫੀਸ

ਦੂਜੇ ਟਰੱਸਟੀਆਂ ਵਾਂਗ ਹੀ, ਪਬਲਿਕ ਗਾਰਡੀਅਨ ਅਤੇ ਟਰੱਸਟੀ ਵੀ ਪੂੰਜੀ ਨੂੰ ਸਾਂਭਣ ਲਈ ਫੀਸ ਲੈਂਦਾ ਹੈ ਜਿਹੜੀ ਕਿ ਨਿਵੇਸ਼ ਦੀ ਮੰਡੀ ਵਿੱਚ ਕੀਮਤ ’ਤੇ ਅਧਾਰਤ ਹੁੰਦੀ ਹੈ, ਅਤੇ ਆਮਦਨੀ ਅਤੇ ਪੂੰਜੀ ’ਤੇ ਫੀਸ ਨਿਵੇਸ਼ ਰਾਹੀਂ ਕੀਤੀ ਕਮਾਈ ’ਤੇ ਅਧਾਰਤ ਹੁੰਦੀ ਹੈ। ਇਹ ਫੀਸਾਂ *ਪਬਲਿਕ ਗਾਰਡੀਅਨ ਅਤੇ ਟਰੱਸਟੀ ਐਕਟ* ਦੇ ਨਿਯਮਾਂ ਵਿੱਚ ਅੰਕਿਤ ਕੀਤੀਆਂ ਹੁੰਦੀਆਂ ਹਨ। ਹੋਰ ਵਿਸਥਾਰ ਵਿੱਚ ਜਾਣਕਾਰੀ ਵਾਸਤੇ ਦੇਖੋ "ਫੀਸ"।

# 7 ਪਬਲਿਕ ਗਾਰਡੀਅਨ ਅਤੇ ਟਰੱਸਟੀ ਦੀ ਫੀਸ

ਕਨੇਡਾ ਦੇ ਦੂਜਿਆਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੇ ਦਫਤਰਾਂ ਵਾਂਗ ਅਤੇ ਬੀ ਸੀ ਦੇ ਕਾਨੂੰਨ ਰਾਹੀਂ ਪਬਲਿਕ ਅਤੇ ਪ੍ਰਾਈਵੇਟ ਟਰੱਸਟੀਆਂ ਵਾਸਤੇ ਸਥਾਪਤ ਕੀਤੀ ਫੀਸ ਅਨੁਸਾਰ, ਪਬਲਿਕ ਗਾਰਡੀਅਨ ਅਤੇ ਟਰੱਸਟੀ ਬੱਚਿਆਂ ਵਾਸਤੇ ਰੱਖੇ ਟਰੱਸਟ ਦੀ ਦੇਖ ਭਾਲ ਵਾਸਤੇ ਵੱਖਰੀਆਂ ਵੱਖਰੀਆਂ ਫੀਸਾਂ ਲਾਉਂਦਾ ਹੈ।

ਇਹ ਫੀਸਾਂ *ਪਬਲਿਕ ਗਾਰਡੀਅਨ ਅਤੇ ਟਰੱਸਟੀ ਐਕਟ* ਦੇ ਨਿਯਮਾਂ ਵਿੱਚ ਅੰਕਿਤ ਹੁੰਦੀਆਂ ਹਨ। ਟਰੱਸਟ ਖਾਤੇ ’ਤੇ ਲਾਈ ਜਾਂਦੀ ਫੀਸ ਅਤੇ ਦਿੱਤੀਆਂ ਜਾਂਦੀਆਂ ਸੇਵਾਵਾਂ ਦੀ ਵਿਆਖਿਆ ਇਸ ਤਰ੍ਹਾਂ ਹੈ:

## ਕੈਪੀਟਲ ਉੱਪਰ ਕਮਿਸ਼ਨ

ਕੈਪੀਟਲ ਕਮਿਸ਼ਨ ਉਹ ਫੀਸ ਹੁੰਦੀ ਹੈ ਜਿਹੜੀ ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ ਬੱਚੇ ਵਾਸਤੇ ਕੀਤੇ ਕੰਮ ਲਈ ਦਿੱਤੀ ਜਾਂਦੀ ਹੈ। ਇਸ ਵਿੱਚ ਬੱਚੇ ਦੀਆਂ ਮੌਜੂਦਾ ਅਤੇ ਭਵਿੱਖ ਵਿੱਚ ਆਉਣ ਵਾਲੀਆਂ ਆਰਥਿਕ ਲੋੜਾਂ ਬਾਰੇ ਫੈਸਲੇ ਕਰਨ, ਚੱਲ ਰਹੇ ਟਰੱਸਟ ਦੀ ਦੇਖਭਾਲ, ਸਣੇ ਨਿਵੇਸ਼ ਅਤੇ ਖਰਚੇ ਦੇ ਫੈਸਲੇ, ਅਤੇ ਕੀਤੇ ਫੈਸਲੇ ਦੇ ਖਤਰੇ ਦੀ ਜ਼ਿੰਮੇਵਾਰੀ ਲੈਣ ਦੀਆਂ ਸੇਵਾਵਾਂ ਸ਼ਾਮਲ ਹੁੰਦੀਆਂ ਹਨ।

ਟਰੱਸਟ ਦੀ ਕਿਸਮ ਦੇ ਅਧਾਰ ’ਤੇ ਕੈਪੀਟਲ ਕਮਿਸ਼ਨ ਵਜੋਂ ਸਾਰੀ ਪੂੰਜੀ ’ਤੇ 5% ਦੀ ਫੀਸ ਲਾਈ ਜਾਂਦੀ ਹੈ, ਜਿਹੜੀ ਟਰੱਸਟੀ ਦਾ ਕੰਮ ਸ਼ੁਰੂ ਕਰਨ ਵੇਲੇ, ਕੰਮ ਦੌਰਾਨ, ਜਾਂ ਟਰੱਸਟੀਸ਼ਿੱਪ ਖਤਮ ਕਰਨ ਵੇਲੇ ਲਾਗੂ ਹੁੰਦੀ ਹੈ। ਕੈਪੀਟਲ ਕਮਿਸ਼ਨ ਜਮ੍ਹਾਂ ਕੀਤੀ ਗਈ ਰਕਮ ’ਤੇ ਇਕ ਵਾਰੀ ਹੀ ਲਾਈ ਜਾਣ ਵਾਲੀ ਫੀਸ ਹੁੰਦੀ ਹੈ।

## ਆਮਦਨੀ (ਇਨਕਮ) ’ਤੇ ਕਮਿਸ਼ਨ

ਆਮਦਨੀ ’ਤੇ ਕਮਿਸ਼ਨ ਉਹ ਫੀਸ ਹੁੰਦੀ ਹੈ ਜਿਹੜੀ ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ ਸਾਰੇ ਸਬੰਧਤ ਕੰਮਾਂ ਵਾਸਤੇ ਦਿੱਤੀ ਜਾਂਦੀ ਹੈ ਜਿਵੇਂ ਕਿ ਆਮਦਨ ਹਾਸਲ ਕਰਨੀ ਤੇ ਰੀਕਾਰਡ ਕਰਨੀ, ਹਿਸਾਬ ਕਿਤਾਬ ਰੱਖਣਾ ਤੇ ਬਿੱਲਾਂ ਦੀ ਅਦਾਇਗੀ ਕਰਨੀ, ਬੱਚੇ ਦਾ ਬੱਜਟ ਬਣਾਉਣਾ ਅਤੇ ਉਸ ਦੀ ਦੇਖਭਾਲ ਕਰਨੀ, ਸਾਰੇ ਰੀਕਾਰਡ ਰੱਖਣੇ ਅਤੇ ਬੱਚੇ ਦੇ ਆਰਥਿਕ ਮਸਲਿਆਂ ਨਾਲ ਸਬੰਧਤ ਸਾਰੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨੀਆਂ।

ਜਦੋਂ ਬੱਚੇ ਦੇ ਖਾਤੇ ਤੋਂ ਆਮਦਨ ਹੁੰਦੀ ਹੈ (ਜਿਵੇਂ ਨਿਵੇਸ਼ ਜਾਂ ਵਿਆਜ ਦੀ ਕਮਾਈ), ਤਾਂ ਆਮਦਨ ਖਾਤੇ ਵਿੱਚ ਪਾ ਦਿੱਤੀ ਜਾਂਦੀ ਹੈ ਅਤੇ 5 ਫੀਸਦੀ ਰਕਮ ਆਮਦਨ ਦੇ ਕਮਿਸ਼ਨ ਵੱਜੋਂ ਲਈ ਜਾਂਦੀ ਹੈ।

## ਜਾਇਦਾਦ (ਐਸਿੱਟਸ) ਦੇ ਪ੍ਰਬੰਧ ਲਈ ਫੀਸ

ਜਾਇਦਾਦ (ਐਸਿੱਟਸ) ਦੇ ਪ੍ਰਬੰਧ ਲਈ ਫੀਸ ਜਾਇਦਾਦ ਅਤੇ ਜ਼ਿੰਮੇਵਾਰੀ (ਲਾਇਬਿਲਟੀ) ਨਾਲ ਸਬੰਧਤ ਹੁੰਦੀ ਹੈ ਜਿਹੜੀ ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ ਅਸਾਮੀ ਦੀ ਜਾਇਦਾਦ ਨੂੰ ਸਾਂਭਣ ਅਤੇ ਸੁਰੱਖਿਅਤ ਰੱਖਣ ਨਾਲ ਸਬੰਧਤ ਸਾਰੇ ਕੰਮਾਂ ਵਾਸਤੇ ਦਿੱਤੀ ਜਾਂਦੀ ਹੈ। ਇਹ ਟਰੱਸਟੀ ਦੀ ਜਾਇਦਾਦ ਦੇ ਨਿਵੇਸ਼ ਸਬੰਧੀ ਕੀਤੇ ਫੈਸਲਿਆਂ ਦਾ ਵੀ ਮੁਆਵਜ਼ਾ ਹੁੰਦੀ ਹੈ, ਇਹ ਫੈਸਲੇ ਭਾਵੇਂ ਇਕ ਅਸਾਮੀ ਵਾਸਤੇ ਹੋਣ ਜਾਂ ਸਾਂਝੇ ਤੌਰ ’ਤੇ ਕੀਤੇ ਹੋਣ ਅਤੇ ਨਿਵੇਸ਼ ਸਬੰਧੀ ਪੇਸ਼ਾਵਰਾਂ ਵਲੋਂ ਦਿੱਤੀਆਂ ਸੇਵਾਵਾਂ ਵੀ ਇਸ ਵਿੱਚ ਸ਼ਾਮਲ ਹੁੰਦੀਆਂ ਹਨ।

ਜਾਇਦਾਦ ਦੇ ਪ੍ਰਬੰਧ ਲਈ ਫੀਸ ਮਹੀਨੇ ਵਿੱਚ ਇਕ ਵਾਰ ਲਈ ਜਾਂਦੀ ਹੈ ਅਤੇ ਇਹ ਜਾਇਦਾਦ ਉੱਪਰ ਸਾਲ ਦੇ 1% ਦਾ 0.4% ਹਿੱਸਾ ਬਣਦੀ ਹੈ।

## ਟਰੱਸਟੀ ਦੇ ਖਾਤੇ ’ਤੇ ਲੱਗਣ ਵਾਲੀਆਂ ਹੋਰ ਫੀਸਾਂ

ਇਹ ਠੀਕ ਹੈ ਕਿ ਟਰੱਸਟੀ ਉਨ੍ਹਾਂ ਦੇ ਫੈਸਲੇ ਕਰਨ ਦਾ ਅਧਿਕਾਰ ਕਿਸੇ ਹੋਰ ਨੂੰ ਨਹੀਂ ਦੇ ਸਕਦੇ ਪਰ ਉਹ ਅਜਿਹੇ ਕੰਮ ਨਿਪਟਾਉਣ ਵਾਸਤੇ ਮਾਹਰਾਂ ਦੀਆਂ ਸੇਵਾਵਾਂ ਲੈ ਸਕਦੇ ਹਨ ਜਿਨ੍ਹਾਂ ਕੰਮਾਂ ਲਈ ਵਿਸ਼ੇਸ਼ ਜਾਚ ਤੇ ਗਿਆਨ ਦੀ ਜ਼ਰੂਰਤ ਹੋਵੇ। ਇਹ ਸੇਵਾਵਾਂ ਦੇਣ ਵਾਲਿਆਂ ਵਿੱਚ ਵਕੀਲ, ਨਿਵੇਸ਼ ਸਲਾਹਕਾਰ, ਬ੍ਰੋਕਰਜ਼, ਅਕਾਉਂਟੈਂਟ, ਰੀਅਲ ਇਸਟੇਟ ਅਪ੍ਰੇਜ਼ਰ ਆਦਿ ਹੋ ਸਕਦੇ ਹਨ। ਜਿਹੜੀ ਪੇਸ਼ਾਵਰ ਫੀਸ ਇਨ੍ਹਾਂ ਵਲੋਂ ਲਈ ਜਾਵੇਗੀ ਉਹ ਟਰੱਸਟੀ ਦੇ ਖਾਤੇ ਵਿੱਚੋਂ ਦਿੱਤੀ ਜਾਵੇਗੀ।

## ਗੁੱਡਜ਼ ਐਂਡ ਸਰਵਿਸਜ਼ ਟੈਕਸ

ਫੈਡਰਲ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਪਬਲਿਕ ਗਾਰਡੀਅਨ ਅਤੇ ਟਰੱਸਟੀ ਵਾਸਤੇ ਜ਼ਰੂਰੀ ਹੈ ਕਿ ਉਹ ਸਾਰੀਆਂ ਫੀਸਾਂ ਅਤੇ ਕਮਿਸ਼ਨ ਉੱਪਰ ਜੀ ਐਸ ਟੀ ਲਾਵੇ।

## ਕਰਾਂ ’ਚ ਛੋਟ (ਟੈਕਸ ਡਿਡਕਟੇਬਿਲਟੀ)

ਕੈਨੇਡਾ ਕਸਟਮ ਐਂਡ ਰੈਵਨਿਊ ਏਜੰਸੀ (ਪਹਿਲਾਂ ਰੈਵਨਿਊ ਕੈਨੇਡਾ) ਦਾ ਫੈਸਲਾ ਹੈ ਕਿ ਪਬਲਿਕ ਗਾਰਡੀਅਨ ਅਤੇ ਟਰੱਸਟੀ ਵਲੋਂ ਲਾਈ ਗਈ ਫੀਸ ਨੂੰ ਟੈਕਸ ਵਿਚੋਂ ਛੋਟ ਨਹੀਂ ਹੈ। ਇਹ ਨਿਵੇਸ਼ ਦੇ ਪ੍ਰਬੰਧ ਦੀ ਫੀਸ ਤੋਂ ਉਲਟ ਹੈ ਜਿਨ੍ਹਾਂ ਨੂੰ ਕਿ ਆਮ ਤੌਰ ’ਤੇ ਟੈਕਸ ਤੋਂ ਛੋਟ ਹੁੰਦੀ ਹੈ

# 8 ਬੱਚਿਆਂ ਦੇ ਫੰਡਾਂ ਬਾਰੇ ਟੈਕਸ ਦੀ ਜਾਣਕਾਰੀ

ਟੈਕਸਾਂ ਬਾਰੇ ਅੱਗੇ ਦਿੱਤੀ ਜਾਣਕਾਰੀ ਨੂੰ ਇਕ ਆਮ ਪੰਛੀ ਝਾਤ ਹੀ ਸਮਝਣਾ ਚਾਹੀਦਾ ਹੈ। ਅਸੀਂ ਸੁਝਾਅ ਦਿੰਦੇ ਹਾਂ ਕਿ ਜੇ ਤੁਹਾਡੇ ਬੱਚੇ ਦੇ ਫੰਡਾਂ ਉੱਪਰ ਲੱਗਣ ਵਾਲੇ ਟੈਕਸਾਂ ਸਬੰਧੀ ਤੁਹਾਡੇ ਮਨ ਵਿਚ ਕੋਈ ਸਵਾਲ ਹਨ ਤਾਂ ਤੁਸੀਂ ਇਸ ਸਬੰਧੀ ਮਾਹਰਾਂ ਕੋਲੋਂ ਰਾਏ ਲਵੋ।

## ਸੋਸ਼ਲ ਇੰਸ਼ੋਰੈਂਸ ਨੰਬਰ

ਪਬਲਿਕ ਗਾਰਡੀਅਨ ਅਤੇ ਟਰੱਸਟੀ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਤੁਹਾਡੇ ਬੱਚੇ ਵਾਸਤੇ ਸੋਸ਼ਲ ਇੰਸ਼ੋਰੈਂਸ ਨੰਬਰ ਦੀ ਮੰਗ ਕਰੇ। ਜੇ ਤੁਹਾਡੇ ਬੱਚੇ ਨੇ ਇਨਕਮ ਟੈਕਸ ਦੇਣਾ ਹੋਵੇ, ਜਾਂ ਜਦੋਂ ਬੱਚੇ ਨੇ ਨੌਕਰੀ ਲੈਣੀ ਹੋਵੇ ਤਾਂ ਇਸ ਦੀ ਜ਼ਰੂਰਤ ਹੁੰਦੀ ਹੈ। ਸੋਸ਼ਲ ਇੰਸ਼ੋਰੈਂਸ ਨੰਬਰ ਲੈਣ ਵਾਸਤੇ ਹਿਊਮਨ ਰੀਸੋਰਸ ਡਿਵੈਲਪਮੈਂਟ ਕੈਨੇਡਾ ਨਾਲ ਸੰਪਰਕ ਕਰੋ।

## ਆਮਦਨੀ 'ਤੇ ਟੈਕਸ ਲਈ ਲੋੜਾਂ

ਕੈਨੇਡਾ ਕਸਟਮ ਐਂਡ ਰੈਵਨਿਊ ਏਜੰਸੀ (ਪਹਿਲਾਂ ਰੈਵਨਿਊ ਕੈਨੇਡਾ) ਤੁਹਾਡੇ ਬੱਚੇ ਦੇ ਫੰਡ ਉੱਪਰ ਕਮਾਏ ਵਿਆਜ ਨੂੰ ਬੱਚੇ ਦੀ ਆਮਦਨੀ ਸਮਝਦੀ ਹੈ।

ਜਦੋਂ ਬੱਚੇ ਦੀ ਸਾਰੇ ਸੋਮਿਆਂ (ਸਣੇ ਟਰੱਸਟ ਫੰਡ 'ਤੇ ਕੀਤੀ ਕਮਾਈ) ਤੋਂ ਹੋਈ ਆਮਦਨੀ ਮੁੱਢਲੀ ਛੋਟ ਦੀ ਰਕਮ ਤੋਂ ਵੱਧ ਜਾਂਦੀ ਹੈ ਤਾਂ ਬੱਚੇ ਵਾਸਤੇ ਇਕ ਟੀ-1 ਟੈਕਸ ਰੀਟਰਨ ਭਰਨ ਦੀ ਲੋੜ ਹੁੰਦੀ ਹੈ। ਮੁੱਢਲੀ ਛੋਟ ਦੀ ਰਕਮ ਬਾਰੇ ਹਰ ਸਾਲ ਪਤਾ ਲੈਣਾ ਜ਼ਰੂਰੀ ਹੈ।

ਇਹ ਗੱਲ ਕਈ ਗੱਲਾਂ 'ਤੇ ਨਿਰਭਰ ਕਰਦੀ ਹੈ ਕਿ ਤੁਹਾਡੇ ਬੱਚੇ ਵਾਸਤੇ ਟੈਕਸ ਰੀਟਰਨ ਭਰਨੀ ਪੈਣੀ ਹੈ ਜਾਂ ਨਹੀਂ, ਜਿਵੇਂ ਕਿ:

- ਬੱਚੇ ਦੀ ਸਾਲ ਵਿਚ ਹੋਈ ਆਮਦਨੀ ਦੀ ਰਕਮ
- ਬੱਚੇ ਉੱਪਰ ਨਿਰਭਰ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ
- ਜੇ ਬੱਚੇ ਨੂੰ ਟੈਕਸ ਦੇ ਪੈਸੇ ਜਾਂ ਜੀ ਐਸ ਟੀ ਦੇ ਪੈਸੇ ਮੁੜਨੇ ਹੋਣ

## ਆਮਦਨੀ ਜਿਸ 'ਤੇ ਟੈਕਸ ਲੱਗ ਸਕਦਾ ਹੈ

*ਇਨਕਮ ਟੈਕਸ ਐਕਟ* ਦੀ ਮੰਗ ਹੈ ਕਿ ਬੱਚੇ ਦੀ ਆਮਦਨੀ ਦਾ ਹਿਸਾਬ ਲਾਉਂਦਿਆਂ ਹੇਠਲੀ ਕਿਸਮ ਦੀਆਂ ਆਮਦਨਾਂ ਉਸ ਵਿਚ ਸ਼ਾਮਲ ਕੀਤੀਆਂ ਜਾਣ:

- ਯਤੀਮ ਨੂੰ ਮਿਲਣ ਵਾਲਾ ਸੀ ਪੀ ਪੀ ਭੱਤਾ (ਬੈਨਿਫਿੱਟ) ਭਾਵੇਂ ਇਹ ਟਰੱਸਟ ਵਿਚ ਸਰਪਰੱਸਤ ਨੂੰ ਦਿੱਤੇ ਜਾਂਦੇ ਹਨ।
- ਕੰਮ ਤੋਂ ਹੋਈ ਆਮਦਨ, ਕੰਮ ਭਾਵੇਂ ਫੁੱਲ ਟਾਈਮ ਹੋਵੇ ਜਾਂ ਪਾਰਟ ਟਾਈਮ।
- ਨਿਵੇਸ਼ ਤੋਂ ਹੋਈ ਆਮਦਨ (ਮਿਊਚਲ ਫੰਡ, ਟਰਮ ਡਿਪਾਜ਼ਿੱਟ, ਡਿਵੀਡਿੰਡ), ਬੈਂਕ ਦਾ ਖਾਤਾ ਅਤੇ ਹੋਰ ਸੋਮੇ।

## ਛੋਟਾਂ ਅਤੇ ਵਿਸ਼ੇਸ਼ ਲਿਹਾਜ਼

ਕੈਨੇਡਾ ਕਸਟਮ ਐਂਡ ਰੈਵਨਿਊ ਏਜੰਸੀ ਕਿਸੇ ਨੂੰ ਨਿੱਜੀ ਸੱਟ-ਚੋਟ ਲੱਗਣ 'ਤੇ ਮੁਆਵਜ਼ੇ ਵਜੋਂ ਮਿਲਣ ਵਾਲੀ ਰਕਮ 'ਤੇ ਹੋਣ ਵਾਲੀ ਆਮਦਨ ਨੂੰ ਟੈਕਸ ਵਿਚੋਂ ਛੋਟ ਦਿੰਦੀ ਹੈ ਜਿੰਨਾ ਚਿਰ ਵਿਅਕਤੀ 22 ਸਾਲ ਦਾ ਨਹੀਂ ਹੋ ਜਾਂਦਾ। ਕਿਉਂਕਿ ਟੈਕਸ ਦੇ ਇਹ ਨਿਯਮ ਬਹੁਤ ਗੁੰਝਲਦਾਰ ਹਨ, ਇਸ ਕਰਕੇ ਜੇ ਇਹ ਗੱਲ ਤੁਹਾਡੇ ਬੱਚੇ 'ਤੇ ਲਾਗੂ ਹੁੰਦੀ ਹੋਵੇ ਤਾਂ ਤੁਹਾਨੂੰ ਟੈਕਸ ਬਾਰੇ ਪੇਸ਼ਾਵਰ ਸਲਾਹ ਲੈਣੀ ਚਾਹੀਦੀ ਹੈ।

ਐਕਸੀਡੈਂਟ/ਇੰਸ਼ੋਰੈਂਸ ਕਲੇਮ ਤੋਂ ਤੁਹਾਡੇ ਬੱਚੇ ਨੂੰ ਮਿਲੀ ਇਕ ਵੇਲੇ ਦੀ ਰਕਮ (ਲੰਪ-ਸਮ) ਉੱਪਰ ਆਮ ਤੌਰ 'ਤੇ ਟੈਕਸ ਨਹੀਂ ਲੱਗਦਾ। ਪਰ ਜੇ ਲੰਪ-ਸਮ ਰਕਮ ਉੱਤੇ ਵਿਆਜ ਕਮਾਇਆ ਹੋਵੇ ਜਦੋਂ ਇਹ ਰਕਮ ਅਦਾਲਤ ਵਲੋਂ ਜਾਂ ਵਕੀਲ ਵਲੋਂ ਸਾਂਭੀ ਹੋਈ ਸੀ ਤਾਂ ਇਸ ਵਿਆਜ ਉੱਪਰ ਟੈਕਸ ਲੱਗਦਾ ਹੈ। ਆਮ ਤੌਰ 'ਤੇ ਜਿਹੜੀ ਬੈਂਕ ਇਹ ਰਕਮ ਸਾਂਭ ਰਹੀ ਹੋਵੇ ਉਹ ਟੀ-5 ਜਾਣਕਾਰੀ ਸਲਿੱਪ ਤਿਆਰ ਕਰਦੀ ਹੈ।

ਤੁਹਾਡੇ ਬੱਚੇ ਨੂੰ ਕਿਸੇ ਜਾਇਦਾਦ (ਇਸਟੇਟ) ਜਾਂ ਟਰੱਸਟ ਤੋਂ ਹੋਈ ਆਮਦਨੀ ਟੀ-3 ਜਾਣਕਾਰੀ ਸਲਿੱਪ 'ਤੇ ਅੰਕਿਤ ਹੁੰਦੀ ਹੈ, ਭਾਵੇਂ ਇਹ ਆਮਦਨੀ ਬੱਚੇ ਨੂੰ ਦਿੱਤੀ ਨਾ ਗਈ ਹੋਵੇ। ਇਸਟੇਟ ਦੇ ਪੈਸਿਆਂ ਬਾਰੇ ਜਾਣਕਾਰੀ ਇਸਟੇਟ ਦਾ ਪ੍ਰਬੰਧ ਕਰਨ ਵਾਲੇ (ਐਗਜ਼ੈਕਟਰ) ਤੋਂ ਅਤੇ ਟਰੱਸਟ ਬਾਰੇ ਜਾਣਕਾਰੀ ਟਰੱਸਟੀ ਤੋਂ ਲਈ ਜਾ ਸਕਦੀ ਹੈ।

## ਟਰੱਸਟ ਵਿੱਚ ਮਿਲੀ ਰਕਮ ਜਿਹਨੂੰ ਟੈਕਸ ਤੋਂ ਛੋਟ ਹੋਵੇ

ਆਮਦਨੀ ਦੀਆਂ ਸਾਰੀਆਂ ਰਕਮਾਂ 'ਤੇ ਟੈਕਸ ਨਹੀਂ ਲਗਦਾ। ਉਦਾਰਹਨ ਵਜੋਂ, ਇੰਸ਼ੋਰੈਂਸ ਦੇ ਪੈਸਿਆਂ ਅਤੇ "ਸਟਰੱਕਚਰਡ ਸੈਟਲਮੈਂਟ"ਵਜੋਂ ਮਿਲੀ ਰਕਮ ਉੱਪਰ ਟੈਕਸ ਨਹੀਂ ਲਗਦਾ। ਪਰ, ਬਾਅਦ ਵਿਚ ਪੂੰਜੀ ਉੱਪਰ ਮਿਲੇ ਵਿਆਜ ਉੱਪਰ ਟੈਕਸ ਲਗਦਾ ਹੈ।

ਕਿਸੇ ਇਸਟੇਟ ਦੀ ਵੰਡ ਦਾ ਕੈਪੀਟਲ ਹਿੱਸਾ ਟੈਕਸ ਤੋਂ ਛੋਟ ਵਾਲਾ ਹੁੰਦਾ ਹੈ।

ਬੱਚੇ ਨੂੰ ਉਸ ਦੇ ਮਾਪੇ ਜਾਂ ਦਾਦੇ ਨਾਨੇ (ਗਰੈਂਡਪੇਰੈਂਟ) ਤੋਂ ਮਿਲੀ ਸੁਗਾਤ 'ਤੇ ਸੰਭਵ ਹੈ ਟੈਕਸ ਨਾ ਲੱਗੇ, ਕਿਉਂਕਿ ਬੱਚੇ ਦੇ 18 ਸਾਲ ਦਾ ਹੋਣ ਤੱਕ ਇਹ ਪੈਸੇ ਦੇਣ ਵਾਲੇ ਦੇ ਹੀ ਗਿਣੇ ਜਾ ਸਕਦੇ ਹਨ।

## ਬੱਚੇ ਨੂੰ 19 ਸਾਲ ਦੀ ਉਮਰ ਵੇਲੇ ਦਿੱਤੇ ਪੈਸਿਆਂ ਉੱਪਰ ਟੈਕਸ

ਤੁਹਾਡੇ ਬੱਚੇ ਨੂੰ 19 ਸਾਲ ਦਾ ਜਾਂ ਟਰੱਸਟ ਵਿੱਚ ਦੱਸੀ ਉਮਰ ਦਾ ਹੋਣ 'ਤੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਵਲੋਂ ਮਿਲੇ ਆਖਰੀ ਪੈਸਿਆਂ 'ਤੇ ਟੈਕਸ ਨਹੀਂ ਲੱਗਦਾ।

## ਟੈਕਸ ਰੀਟਰਨ ਭਰਨੀ

ਬੀ ਸੀ ਦੇ ਕਾਨੂੰਨ ਅਧੀਨ ਟਰੱਸਟ ਵਿੱਚ ਪਏ ਪੈਸੇ ਬੱਚੇ ਦੀ ਮਲਕੀਅਤ ਹੁੰਦੀ ਹੈ ਭਾਵੇਂ ਇਹ ਪੈਸੇ ਉਸ ਨੂੰ 19 ਸਾਲ ਦਾ ਹੋਣ ਤੱਕ ਨਹੀਂ ਮਿਲਦੇ। ਜਿੱਥੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਬੱਚੇ ਦੇ ਪੈਸੇ ਸਾਂਭਦੇ ਹਨ, ਕੈਨੇਡਾ ਕਸਟਮ ਐਂਡ ਰੈਵਨਿਊ ਏਜੰਸੀ ਇਹ ਮੰਗ ਕਰਦੀ ਹੈ ਕਿ ਪਬਲਿਕ ਗਾਰਡੀਅਨ ਅਤੇ ਟਰੱਸਟੀ ਹਰ ਖਾਤੇ ਵਿੱਚ ਪਈ ਰਕਮ 'ਤੇ ਕਮਾਏ ਵਿਆਜ ਬਾਰੇ ਦੱਸੇ।

ਇਹ ਆਮਦਨ ਪਬਲਿਕ ਗਾਰਡੀਅਨ ਅਤੇ ਟਰੱਸਟੀ ਵਲੋਂ ਹਰ ਸਾਲ ਟੀ-5 ਜਾਣਕਾਰੀ ਸਲਿੱਪ 'ਤੇ ਰੀਪੋਰਟ ਕੀਤੀ ਜਾਂਦੀ ਹੈ। ਇਹ ਟੀ-5 ਜਾਣਕਾਰੀ ਸਲਿੱਪਾਂ ਸਰਪਰੱਸਤ ਨੂੰ ਦਿੱਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਦੀ ਕਾਪੀ ਕੈਨੇਡਾ ਕਸਟਮ ਐਂਡ ਰੈਵਨਿਊ ਏਜੰਸੀ ਨੂੰ ਭੇਜੀ ਜਾਂਦੀ ਹੈ।

ਭਾਵੇਂ ਇਹ ਆਮਦਨੀ ਬੱਚੇ ਦੀ ਹੁੰਦੀ ਹੈ, ਕੈਨੇਡਾ ਕਸਟਮ ਐਂਡ ਰੈਵਨਿਊ ਏਜੰਸੀ **ਮਾਪਿਆਂ ਜਾਂ ਸਰਪਰੱਸਤਾਂ ਤੋਂ ਇਸ ਗੱਲ ਦੀ ਮੰਗ ਕਰਦੀ ਹੈ ਕਿ ਉਹ ਟੈਕਸ ਰੀਟਰਨ ਤਿਆਰ ਕਰਨ ਅਤੇ ਭਰਨ।**

ਇਹ ਗੱਲ ਨੋਟ ਕਰਨੀ ਮਹੱਤਵਪੂਰਨ ਹੈ ਕਿ ਬੱਚੇ ਦੀ ਆਮਦਨ ਹਰ ਹਾਲਤ ਵਿੱਚ ਬੱਚੇ ਦੇ ਨਾਂ 'ਤੇ ਟੈਕਸ ਰੀਟਰਨ ਭਰ ਕੇ ਰੀਪੋਰਟ ਕੀਤੀ ਜਾਣੀ ਚਾਹੀਦੀ ਹੈ। ਇਸ ਨਾਲ ਬੱਚੇ ਨੂੰ ਆਪਣੀ ਟੈਕਸ ਵਿਚੋਂ ਜਾਤੀ ਛੋਟ ਪੂਰੀ ਕਲੇਮ ਕਰਨ ਦਾ ਮੌਕਾ ਮਿਲ ਜਾਂਦਾ ਹੈ। ਸੁਗਾਤਾਂ ਉੱਪਰ ਹੋਈ ਆਮਦਨੀ ਨੂੰ ਛੱਡ ਕੇ ਬੱਚੇ ਦੀ ਅਮਾਦਨ ਮਾਪਿਆਂ ਜਾਂ ਸਰਪਰੱਸਤਾਂ ਦੀ ਟੈਕਸ ਰੀਟਰਨ 'ਤੇ ਨਹੀਂ ਰੀਪੋਰਟ ਕੀਤੀ ਜਾਂਦੀ।

ਦੇਰ ਨਾਲ ਭਰੇ ਟੈਕਸ ਦੇ ਪੇਪਰਾਂ ਉੱਪਰ ਜੁਰਮਾਨੇ ਅਤੇ ਵਿਆਜ ਲਗਦੇ ਹਨ।

## ਆਪਣੇ ਬੱਚੇ ਦੇ ਆਮਦਨੀ ਟੈਕਸ ਦੀ ਅਦਾਇਗੀ ਕਰਨੀ

ਜੇ ਤੁਹਾਡੇ ਬੱਚੇ ਨੇ ਉਸ ਨੂੰ ਹੋਈ ਆਮਦਨੀ 'ਤੇ ਕੋਈ ਆਮਦਨੀ ਟੈਕਸ ਦੇਣਾ ਹੈ ਤਾਂ ਇਹ ਟੈਕਸ ਕੈਨੇਡਾ ਕਸਟਮ ਐਂਡ ਰੈਵਨਿਊ ਏਜੰਸੀ ਨੂੰ ਦੇਣਾ ਉਸ ਬੱਚੇ ਦੀ ਜ਼ਿੰਮੇਵਾਰੀ ਹੈ। ਜਦੋਂ ਤੁਹਾਡੇ ਬੱਚੇ ਦੇ ਪੈਸੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੁਆਰਾ ਸਾਂਭੇ ਹੋਣ ਤਾਂ ਇਹ ਟੈਕਸ ਉਸ ਦੇ ਟਰੱਸਟ ਦੇ ਖਾਤੇ ਵਿਚੋਂ ਦਿੱਤੇ ਜਾ ਸਕਦੇ ਹਨ। ਜਦੋਂ ਤੁਸੀਂ ਟੈਕਸ ਰੀਟਰਨ ਤਿਆਰ ਕਰ ਲਵੋ ਅਤੇ ਟੈਕਸ ਦੀ ਰਕਮ ਦਾ ਹਿਸਾਬ ਲਾ ਲਵੋ ਤਾਂ ਆਪਣੇ ਟਰੱਸਟ ਮੈਨੇਜਰ ਨਾਲ ਸੰਪਰਕ ਕਰੋ ਕਿ ਉਹ ਟੈਕਸ ਦੀ ਰਕਮ ਦੇ ਦੇਵੇ (ਦੇਖੋ "ਪੈਸਿਆਂ ਤੱਕ ਪਹੁੰਚ")

ਪਬਲਿਕ ਗਾਰਡੀਅਨ ਅਤੇ ਟਰੱਸਟੀ ਵਲੋਂ ਅਸੀਂ ਬੱਚੇ ਵਾਸਤੇ ਉਦੋਂ ਹੀ ਟੈਕਸ ਰੀਟਰਨ ਭਰਦੇ ਹਾਂ ਜਦੋਂ ਅਸੀਂ ਬੱਚੇ ਦੀ ਇਸਟੇਟ ਦੇ ਵੀ ਸਰਪਰੱਸਤ ਹੋਈਏ। ਇਸ ਲਈ, ਜੇ ਤੁਸੀਂ ਬੱਚੇ ਦੀ ਇਸਟੇਟ ਦੇ ਸਰਪਰੱਸਤ ਹੋ, ਤਾਂ ਤੁਸੀਂ ਜਾਂ ਤੁਹਾਡੇ ਬੱਚੇ ਲਈ ਜ਼ਰੂਰੀ ਹੈ ਕਿ ਟੈਕਸ ਰੀਟਰਨ ਭਰੋ, ਜੇ ਇਸ ਦੀ ਜ਼ਰੂਰਤ ਹੋਵੇ।

## ਜੀ ਐਸ ਟੀ ਦੇ ਮੁੜਨ ਵਾਲੇ ਪੈਸੇ (ਰੀਬੇਟ) ਜਾਂ ਕਰੈਡਿੱਟ

ਜੀ ਐਸ ਟੀ ਰੀਬੇਟ ਜਾਂ ਕਰੈਡਿੱਟ ਟੈਕਸ ਦੇਣ ਵਾਲਿਆਂ ਨੂੰ ਉਨਾਂ ਚਿਰ ਵਾਪਸ ਨਹੀਂ ਕੀਤਾ ਜਾਂਦਾ ਜਿੰਨਾ ਚਿਰ ਉਹ 19 ਸਾਲ ਦੇ ਨਾ ਹੋਣ।

## ਕਲੇਮ ਵਿਚਲੀਆਂ ਜਿਹੜੀਆਂ ਛੋਟਾਂ ਬੱਚਾ ਲੈ ਸਕਦਾ ਹੈ

ਟੈਕਸ ਦੇਣ ਵਾਲੇ ਦੀ ਆਮਦਨੀ 'ਤੇ ਅਧਾਰਤ, ਟੈਕਸ ਕੈਨੇਡਾ ਕਸਟਮ ਐਂਡ ਰੈਵਨਿਊ ਏਜੰਸੀ ਕਈ ਕਿਸਮ ਦੀਆਂ ਛੋਟਾਂ ਅਤੇ ਕਰੈਡਿੱਟ ਦਿੰਦੀ ਹੈ। ਜੇ ਇਸ ਬਾਰੇ ਕਿਸੇ ਕਿਸਮ ਦੀ ਸ਼ੱਕ ਹੋਵੇ ਤਾਂ ਪੇਸ਼ਾਵਰ ਟੈਕਸ ਸਲਾਹ ਲੈਣੀ ਚਾਹੀਦੀ ਹੈ।

ਉਦਾਹਰਨ ਵਜੋਂ, ਜੇ ਬੱਚੇ ਦੇ ਅੱਗੇ ਉਸ ਦਾ ਕੋਈ ਬੱਚਾ ਹੋਵੇ ਜਿਹੜਾ ਆਰਥਿਕ ਪੱਖੋਂ ਉਸ ਉੱਪਰ ਟੇਕ ਰੱਖਦਾ ਹੋਵੇ ਤਾਂ ਉਹ ਬੱਚਾ ਚਾਈਲਡ ਟੈਕਸ ਬੈਨਿਫ਼ਿਟ ਕਲੇਮ ਕਰ ਸਕਦਾ ਹੈ। ਬੱਚਾ ਆਪਣੇ ਬੱਚੇ ਨੂੰ ਆਪਣੇ "ਜੀਵਨ ਸਾਥੀ ਦੇ ਬਰਾਬਰ" ਕਲੇਮ ਕਰ ਸਕਦਾ ਹੈ ਅਤੇ ਬਣਦਾ ਟੈਕਸ ਕਰੈਡਿੱਟ ਲੈ ਸਕਦਾ ਹੈ।

## ਆਪਣੇ ਬੱਚੇ ਨੂੰ ਨਿਰਭਰ ਵਜੋਂ ਕਲੇਮ ਕਰਨਾ

ਜੇ ਤੁਸੀਂ ਇਕੱਲੇ (ਅਣਵਿਆਹੇ), ਤਲਾਕਸ਼ੁਦਾ, ਜੁਦਾ ਹੋਏ, ਜਾਂ ਵਿਧਵਾ ਹੋ ਤਾਂ ਤੁਸੀਂ "ਜੀਵਨ ਸਾਥੀ ਦੇ ਬਰਾਬਰ" ਦੀ ਰਕਮ ਕਲੇਮ ਕਰ ਸਕਦੇ ਹੋ ਜੇ ਤੁਸੀਂ ਬੱਚੇ ਨੂੰ ਆਰਥਿਕ ਸਹਾਇਤਾ ਦਿੰਦੇ ਹੋ ਜਿਹੜਾ ਤੁਹਾਡੇ ਨਾਲ ਰਹਿੰਦਾ ਹੋਵੇ, ਬੱਚਾ 18 ਸਾਲ ਤੋਂ ਘੱਟ ਹੋਵੇ ਅਤੇ ਤੁਹਾਡੇ ਨਾਲ ਖ਼ੂਨ ਰਾਹੀਂ, ਵਿਆਹ ਰਾਹੀਂ ਜਾਂ ਗੋਦ ਲਏ ਜਾਣ ਰਾਹੀਂ ਰਿਸ਼ਤਾ ਰੱਖਦਾ ਹੋਵੇ। "ਜੀਵਨ ਸਾਥੀ ਦੇ ਬਰਾਬਰ" ਦੇ ਕਰੈਡਿੱਟ ਦੀ ਰਕਮ ਦਾ ਉਸ ਵੇਲੇ ਪਤਾ ਲਾਇਆ ਜਾਣਾ ਚਾਹੀਦਾ ਹੈ ਜਦੋਂ ਟੈਕਸ ਰੀਟਰਨ ਭਰੀ ਜਾਵੇ।

## ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ (ਆਰ ਆਰ ਐਸ ਪੀ)

ਤੁਹਾਡਾ ਬੱਚਾ ਆਰ ਆਰ ਐਸ ਪੀ ਵਿੱਚ ਤਾਂ ਹੀ ਪੈਸੇ ਜਮ੍ਹਾਂ ਕਰਵਾ ਸਕਦਾ ਹੈ ਜੇ ਉਸ ਨੇ ਪਿਛਲੇ ਸਾਲ ਜਾਂ ਸਾਲਾਂ ਦੌਰਾਨ "ਕਮਾਈ ਆਮਦਨ" ਰੀਪੋਰਟ ਕੀਤੀ ਹੋਵੇ। "ਕਮਾਈ ਆਮਦਨ" ਆਮ ਤੌਰ 'ਤੇ ਨੌਕਰੀ ਤੋਂ, ਵਪਾਰ ਤੋਂ ਜਾਂ ਕਿਰਾਏ ਤੋਂ ਹੋਈ ਆਮਦਨ ਤੋਂ ਪੈਦਾ ਹੁੰਦੀ ਹੈ।

ਨਿਵੇਸ਼ ਤੋਂ ਹੋਈ ਆਮਦਨ, ਜਿਵੇਂ ਕਿ ਵਿਆਜ, ਡਿਵੀਡਿੰਡਜ਼ ਜਾਂ ਕੈਪੀਟਲ ਗੇਨ ਨੂੰ "ਕਮਾਈ ਆਮਦਨ" **ਨਹੀਂ ਮੰਨਿਆ ਜਾਂਦਾ**। ਇਸ ਲਈ, ਪਬਲਿਕ ਗਾਰਡੀਅਨ ਅਤੇ ਟਰੱਸਟੀ ਦੇ ਪ੍ਰਬੰਧ ਹੇਠਲੇ ਪੈਸੇ "ਕਮਾਈ ਆਮਦਨ" ਨਹੀਂ ਪੈਦਾ ਕਰਦੇ ਜਿਹੜੀ ਤੁਹਾਡੇ ਬੱਚੇ ਨੂੰ ਆਰ ਆਰ ਐਸ ਪੀ ਵਿੱਚ ਪੈਸੇ ਰੱਖਣ ਦਾ ਹੱਕਦਾਰ ਬਣਾਵੇ।

## ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲੈਨ (ਆਰ ਈ ਐਸ ਪੀ)

ਪਬਲਿਕ ਗਾਰਡੀਅਨ ਅਤੇ ਟਰੱਸਟੀ ਇਸ ਵੇਲੇ ਬੱਚਿਆਂ ਦੇ ਟਰੱਸਟ ਵਾਸਤੇ ਆਰ ਈ ਐਸ ਪੀ ਦੇ ਯੋਗ ਹੋਣ ਦਾ ਪਤਾ ਲਾ ਰਿਹਾ ਹੈ। ਇਸ ਵੇਲੇ ਬੱਚੇ ਦੇ ਟਰੱਸਟ ਵਿਚੋਂ ਆਰ ਈ ਐਸ ਪੀ ਖ਼੍ਰੀਦਣ ਵਾਸਤੇ ਪੈਸੇ ਨਹੀਂ ਦਿੱਤੇ ਜਾਂਦੇ।

## ਸੀ ਪੀ ਪੀ ਦੇ ਯਤੀਮ ਦੇ ਭੱਤੇ (ਔਰਫਨ'ਸ ਬੈਨਿਫਿੱਟਸ)

ਭਾਵੇਂ ਸੀ ਪੀ ਪੀ ਦੇ ਯਤੀਮ ਦੇ ਭੱਤੇ ਸਰਪਰੱਸਤ ਨੂੰ ਟਰੱਸਟ ਵਿੱਚ ਦਿੱਤੇ ਜਾਂਦੇ ਹਨ, ਇਸ ਤੋਂ ਹੋਈ ਆਮਦਨ ਬੱਚੇ ਦੀ ਅਮਾਦਨ ਗਿਣੀ ਜਾਂਦੀ ਹੈ। ਕੈਨੇਡਾ ਪੈਨਸ਼ਨ ਬੱਚੇ ਨੂੰ ਉਹਦੇ 18 ਸਾਲ ਦੇ ਹੋਣ ਤੱਕ ਪੈਸੇ ਦਿੰਦੀ ਰਹੇਗੀ, ਜਾਂ

- 25 ਸਾਲ ਦੀ ਉਮਰ ਤੱਕ ਪੈਸੇ ਦਿੰਦੀ ਰਹੇਗੀ ਜੇ,
  - ਬੱਚਾ ਅਣਵਿਆਹਿਆ ਹੋਵੇ ਅਤੇ
  - ਉਸ ਨੂੰ ਵਿਦਿਆਰਥੀ ਵਜੋਂ ਮਾਨਤਾ ਪ੍ਰਾਪਤ ਹੋਵੇ (ਜਿਹੜਾ ਹਰ ਕਿਸੇ ਪ੍ਰਮਾਣਤ ਵਿਦਿਅਕ ਅਦਾਰੇ ਵਿੱਚ ਜਿਵੇਂ ਕਿ ਯੂਨੀਵਰਸਿਟੀ, ਕਾਲਜ ਜਾਂ ਟੈਕਨੀਕਲ ਸਕੂਲ ਵਿੱਚ ਪੜ੍ਹ ਰਿਹਾ ਹੋਵੇ ਅਤੇ ਹਰ ਸਮੈਸਟਰ ਵਿੱਚ 3 ਕੋਰਸ ਲੈ ਰਿਹਾ ਹੋਵੇ)
- 18 ਸਾਲਾਂ ਤੋਂ ਉੱਪਰ ਤੱਕ ਜੇ
  - ਬੱਚਾ ਅਣਵਿਆਹਿਆ ਹੈ ਅਤੇ ਕਾਨੂੰਨੀ ਵਿਆਖਿਆ ਅਨੁਸਾਰ ਅਪੰਗ ਹੋਵੇ।

# 9 ਟਰੱਸਟਾਂ 'ਤੇ ਨਿਗਰਾਨੀ ਰੱਖਣੀ

## ਬੱਚੇ ਦੇ ਟਰੱਸਟ ਵਾਸਤੇ ਪ੍ਰਾਈਵੇਟ ਟਰੱਸਟੀ

ਉਨ੍ਹਾਂ ਹਾਲਤਾਂ ਵਿੱਚ ਜਦੋਂ ਇਕ ਮਾਪੇ ਜਾਂ ਕਿਸੇ ਹੋਰ ਬਾਲਗ ਨੂੰ ਬੱਚੇ ਦੇ ਫੰਡਾਂ ਦਾ ਪ੍ਰਾਈਵੇਟ ਟਰੱਸਟੀ ਨਿਯੁਕਤ ਕੀਤਾ ਜਾਵੇ, ਤਾਂ ਉਸ ਟਰੱਸਟੀ ਨੂੰ ਕਾਨੂੰਨੀ ਤੌਰ ਤੇ ਟਰੱਸਟ ਦੀਆਂ ਸਾਰੀਆਂ ਸ਼ਰਤਾਂ ਅਨੁਸਾਰ ਜਾਂ ਟਰੱਸਟ ਜਿਸ ਕਾਨੂੰਨ ਅਧੀਨ ਆਉਂਦਾ ਹੋਵੇ, ਉਸ ਅਨੁਸਾਰ ਚੱਲਣਾ ਪੈਂਦਾ ਹੈ।

ਪਹਿਲੀ ਗੱਲ ਜਿਹੜੀ ਮਾਪੇ ਜਾਂ ਦੂਜੇ ਬਾਲਗ ਨੂੰ ਕਰਨੀ ਪੈਂਦੀ ਹੈ, ਉਹ ਇਹ ਹੈ ਕਿ ਮਾਪੇ ਦੇ ਨਾਂ 'ਤੇ ਬੱਚੇ ਦੇ ਟਰੱਸਟ ਦਾ ਖਾਤਾ ਖੋਲ੍ਹਿਆ ਜਾਵੇ। ਉਨ੍ਹਾਂ ਵਾਸਤੇ ਟਰੱਸਟ ਦੇ ਸਾਰੇ ਰੀਕਾਰਡ ਰੱਖਣੇ ਜ਼ਰੂਰੀ ਹਨ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਨਿਵੇਸ਼ ਲਈ *ਟਰੱਸਟੀ ਐਕਟ* ਥੱਲੇ ਜਾਂ ਟਰੱਸਟ ਦੀਆਂ ਸ਼ਰਤਾਂ ਥੱਲੇ ਇਸ ਦਾ ਅਧਿਕਾਰ ਪ੍ਰਾਪਤ ਕੀਤਾ ਜਾਵੇ।

ਇਸ ਗੱਲ ਦੇ ਵੀ ਨਿਯਮ ਹਨ ਕਿ ਟਰੱਸਟ ਫੰਡ ਕਿਸ ਮਕਸਦ ਲਈ ਵਰਤਿਆ ਜਾਣਾ ਹੈ, ਜੋ ਫੰਡ ਦੇ ਸੋਮੇ ਅਤੇ ਟਰੱਸਟ ਫੰਡ ਦੀਆਂ ਸ਼ਰਤਾਂ 'ਤੇ ਨਿਰਭਰ ਕਰਦਾ ਹੈ। ਉਦਾਹਰਨ ਵਜੋਂ, ਕੁਝ ਫੰਡ ਵਿਸ਼ੇਸ਼ ਕਰਕੇ ਬੱਚੇ ਦੇ ਪਾਲਣ ਪੋਸਣ ਬਾਰੇ ਹੁੰਦੇ ਹਨ ਜਦਕਿ ਦੂਜੇ ਨਹੀਂ ਹੁੰਦੇ। ਫੰਡਾਂ ਦੇ ਵੱਖਰੇ ਵੱਖਰੇ ਮਕਸਦਾਂ ਦੀ ਵਿਆਖਿਆ "ਪਬਲਿਕ ਗਾਰਡੀਅਨ ਅਤੇ ਟਰੱਸਟੀ ਕੋਲ ਫੰਡ ਕਿਉਂ ਆਉਂਦੇ ਹਨ" ਵਿੱਚ ਅੰਕਿਤ ਹੈ।

## ਨਿਗਰਾਨੀ ਅਤੇ ਸਹਾਇਤਾ

ਜਿੱਥੇ ਅਦਾਲਤ ਮਾਪੇ ਜਾਂ ਕਿਸੇ ਹੋਰ ਬਾਲਗ ਨੂੰ ਪ੍ਰਾਈਵੇਟ ਟਰੱਸਟੀ ਵਜੋਂ ਨਿਯੁਕਤ ਕਰਦੀ ਹੈ, ਤਾਂ ਉੱਥੇ ਅਦਾਲਤ ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ ਟਰੱਸਟ ਫੰਡ ਦੀ ਵਰਤੋਂ 'ਤੇ ਨਿਗਰਾਨੀ ਲਈ ਨਿਯੁਕਤ ਕਰ ਸਕਦੀ ਹੈ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਪੈਸਿਆਂ ਨੂੰ *ਟਰੱਸਟੀ ਐਕਟ* ਅਨੁਸਾਰ ਜਾਂ ਟਰੱਸਟ ਦੀ ਲਿਖਤ ਅਨੁਸਾਰ ਨਿਵੇਸ਼ ਕੀਤਾ ਜਾਵੇ ਅਤੇ ਸਾਰੇ ਲੈਣ ਦੇਣ ਦਾ ਟਰੱਸਟ ਦੇ ਮਕਸਦ ਲਈ ਬਣੇ ਨਿਯਮਾਂ ਮੁਤਾਬਕ ਲਿਖਤੀ ਰੀਕਾਰਡ ਰੱਖਿਆ ਜਾਵੇ। ਜਦੋਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਇਸ ਵਿਸ਼ੇਸ਼ ਨਿਗਰਾਨੀ ਵਾਲੇ ਕਿਰਦਾਰ ਵਿੱਚ ਹੁੰਦਾ ਹੈ, ਤਾਂ ਪ੍ਰਾਈਵੇਟ ਟਰੱਸਟੀ ਵਲੋਂ ਹਰ ਸਾਲ ਜਾਂ ਜਿਸ ਤਰ੍ਹਾਂ ਅਦਾਲਤ ਦੇ ਹੁਕਮ ਵਿੱਚ ਦਰਜ ਕੀਤਾ ਗਿਆ ਹੋਵੇ ਉਸ ਅਨੁਸਾਰ ਟਰੱਸਟ ਫੰਡ ਦੇ ਹਿਸਾਬ ਕਿਤਾਬ ਦਾ ਵੇਰਵਾ ਦੇਣਾ ਜ਼ਰੂਰੀ ਹੈ।

ਜਦੋਂ ਇਕ ਵਾਰੀ ਪਬਲਿਕ ਗਾਰਡੀਅਨ ਅਤੇ ਟਰੱਸਟੀ ਨੂੰ ਇਸ ਗੱਲ ਦੀ ਇਤਲਾਹ ਮਿਲ ਜਾਵੇ ਕਿ ਬੱਚੇ ਦੇ ਪ੍ਰਾਈਵੇਟ ਟਰੱਸਟ ਦੀ ਨਿਗਰਾਨੀ ਕਰਨੀ ਹੈ, ਇਸ ਵਾਸਤੇ ਇਕ ਫਾਈਲ ਖੋਲ੍ਹੀ ਜਾਂਦੀ ਹੈ ਅਤੇ ਪ੍ਰਾਈਵੇਟ ਟਰੱਸਟੀ ਨੂੰ ਚਿੱਠੀ ਲਿਖੀ ਜਾਂਦੀ ਹੈ ਕਿ ਉਹ ਟਰੱਸਟ ਬਾਰੇ ਵਿਸ਼ੇਸ਼ ਜਾਣਕਾਰੀ ਮੁਹੱਈਆ ਕਰੇ।

ਜਦੋਂ ਪ੍ਰਾਈਵੇਟ ਟਰੱਸਟੀ ਸਾਰੇ ਹਿਸਾਬ ਦੇ ਦੇਵੇ, ਉਨ੍ਹਾਂ ਦਸਤਾਵੇਜਾਂ ਦਾ ਰੀਵਿਊ ਕੀਤਾ ਜਾਂਦਾ ਹੈ, ਜਾਣਕਾਰੀ ਦਾ ਸਾਰਅੰਸ਼ ਲਿਖਿਆ ਜਾਂਦਾ ਹੈ, ਅਤੇ ਇਕ ਸਮਝੌਤਾ ਤਿਆਰ ਕੀਤਾ ਜਾਂਦਾ ਹੈ। ਫੇਰ ਪ੍ਰਾਈਵੇਟ ਟਰੱਸਟੀ ਨੂੰ ਇਸ ਰੀਪੋਰਟ ਦੀ ਇਕ ਕਾਪੀ ਭੇਜੀ ਜਾਂਦੀ ਹੈ ਅਤੇ ਚਾਈਲਡ ਐਂਡ ਯੂਥ ਸਰਵਿਸਿਜ਼ ਦੇ ਡਾਇਰੈਕਟਰ ਵਲੋਂ ਸਰਟੀਫੀਕੇਟ ’ਤੇ ਦਸਤਖਤ ਕੀਤੇ ਜਾਂਦੇ ਹਨ।

ਕਈ ਵਾਰੀ ਅਦਾਲਤ ਇਹ ਹਿਦਾਇਤ ਕਰਦੀ ਹੈ ਕਿ ਸੈਟਲਮੈਂਟ ਦੇ ਫੰਡਾਂ ਦਾ ਇਕ ਹਿੱਸਾ ਮਾਪਿਆਂ ਕੋਲ ਪ੍ਰਾਈਵੇਟ ਟਰੱਸਟੀ ਦੇ ਤੌਰ ’ਤੇ ਰਹੇ ਅਤੇ ਇਕ ਹਿੱਸਾ ਪਬਲਿਕ ਗਾਰਡੀਅਨ ਅਤੇ ਟਰੱਸਟੀ ਕੋਲ। ਇਨ੍ਹਾਂ ਹਾਲਤਾਂ ਵਿੱਚ ਪ੍ਰਾਈਵੇਟ ਟਰੱਸਟੀ ਦਾ ਵੀ ਉੱਪਰ ਦੱਸੇ ਵਾਂਗ ਰੀਵਿਊ ਕੀਤਾ ਜਾ ਸਕਦਾ ਹੈ।

ਪਬਲਿਕ ਗਾਰਡੀਅਨ ਅਤੇ ਟਰੱਸਟੀ ਸਟਾਫ ਮਾਪਿਆਂ ਨੂੰ ਉਨ੍ਹਾਂ ਵਲੋਂ ਸਾਂਭੇ ਫੰਡਾਂ ਬਾਰੇ ਸੇਧ ਜਾਂ ਅਗਵਾਈ ਦੇ ਸਕਦੇ ਹਨ।

## ਪ੍ਰਾਈਵੇਟ ਟਰੱਸਟੀ ਬਣਨ ਲਈ ਅਰਜ਼ੀ ਕਰਨੀ।

ਕਈਆਂ ਹਾਲਤਾਂ ਵਿੱਚ ਬੀ ਸੀ ਦੀ ਸੁਪਰੀਮ ਕੋਰਟ ਬੱਚੇ ਦੇ ਫੰਡ, ਜਿਹੜੇ ਆਮ ਤੌਰ ’ਤੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੁਆਰਾ ਟਰੱਸਟ ਵਿੱਚ ਰੱਖੇ ਜਾਂਦੇ ਹਨ, ਵਾਸਤੇ ਮਾਪੇ ਜਾਂ ਸਰਪਰੱਸਤ ਨੂੰ ਫੰਡਾਂ ਦਾ ਟਰੱਸਟੀ ਨਿਯੁਕਤ ਕਰਨ ਦਾ ਵਿਚਾਰ ਕਰੇਗੀ। ਜੇ ਤੁਸੀਂ ਅਦਾਲਤ ਕੋਲ ਇਸ ਅਧਿਕਾਰ ਵਾਸਤੇ ਬੇਨਤੀ ਕਰਨ ਦੀ ਚੋਣ ਕਰੋ, ਤਾਂ ਸਾਡਾ ਸੁਝਾਅ ਹੈ ਕਿ ਤੁਸੀਂ ਵਕੀਲ ਨਾਲ ਮਸ਼ਵਰਾ ਕਰੋ ਜਿਹੜਾ ਤੁਹਾਨੂੰ ਦੱਸੇਗਾ ਕਿ ਅਰਜ਼ੀ ਕਿਸ ਤਰ੍ਹਾਂ ਕਰਨੀ ਹੈ।

ਜਦੋਂ ਅਜਿਹੀ ਅਰਜ਼ੀ ਕੀਤੀ ਜਾਂਦੀ ਹੈ ਤਾਂ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਆਮ ਤੌਰ ’ਤੇ ਮੰਗ ਕਰਦੀ ਹੈ ਕਿ ਪ੍ਰਾਈਵੇਟ ਟਰੱਸਟੀ ਟਰੱਸਟ ਫੰਡਾਂ ਦਾ ਪ੍ਰਬੰਧ ਕਰਨ ਵਾਸਤੇ ਸੁਰੱਖਿਆ ਵਜੋਂ ਬਾਂਡ ਰੱਖੇ ਅਤੇ ਹੋਰ ਵੀ ਬੰਦਸ਼ਾਂ ਲਾਈਆਂ ਜਾ ਸਕਦੀਆਂ ਹਨ ਕਿ ਪ੍ਰਾਈਵੇਟ ਟਰੱਸਟੀ ਉਨ੍ਹਾਂ ਫੰਡਾਂ ਦਾ ਕਿਸ ਤਰ੍ਹਾਂ ਪ੍ਰਬੰਧ ਕਰ ਸਕਦਾ ਹੈ।

ਟਰੱਸਟ ਦੀ ਨਿਗਰਾਨੀ ਸਬੰਧੀ ਹੋਰ ਜਾਣਕਾਰੀ ਵਾਸਤੇ ਕਿਰਪਾ ਕਰਕੇ ਦੇਖੋ: “ਪਬਲਿਕ ਗਾਰਡੀਅਨ ਐਂਡ ਟਰੱਸਟੀ ਕੋਲ ਪੈਸੇ ਕਿਉਂ ਆਉਂਦੇ ਹਨ” ਅਤੇ “ਪਬਲਿਕ ਗਾਰਡੀਅਨ ਐਂਡ ਟਰੱਸਟੀ ਤੁਹਾਡੇ ਬੱਚੇ ਦੇ ਟਰੱਸਟ ਦਾ ਬੰਦੋਬਸਤ ਜਾਂ ਪ੍ਰਬੰਧ ਕਿਵੇਂ ਕਰਦਾ ਹੈ”।

# 10 ਸਿੱਟਾ

ਸਾਡਾ ਨਿਸ਼ਾਨਾ ਹੈ ਕਿ ਅਸੀਂ ਤੁਹਾਡੇ ਨਾਲ ਮਿਲ ਕੇ ਕੰਮ ਕਰੀਏ ਤੇ ਇਸ ਗੱਲ ਨੂੰ ਯਕੀਨੀ ਬਣਾਈਏ ਕਿ ਤੁਹਾਡੇ ਬੱਚੇ ਦਾ ਟਰੱਸਟ ਫੰਡ ਤੁਹਾਡੇ ਬੱਚੇ ਦੇ ਫਾਇਦੇ ਵਾਸਤੇ ਹੀ ਵਰਤਿਆ ਜਾਵੇ ਅਤੇ ਤੁਹਾਡੇ ਬੱਚੇ ਬਾਰੇ ਤੁਹਾਡੀਆਂ ਭਵਿੱਖ ਦੀਆਂ ਯੋਜਨਾਵਾਂ ਅਤੇ ਆਪਣੇ ਭਵਿੱਖ ਬਾਰੇ ਤੁਹਾਡੇ ਬੱਚੇ ਦੀਆਂ ਯੋਜਨਾਵਾਂ ਨੂੰ ਹਮੇਸ਼ਾਂ ਧਿਆਨ ਵਿੱਚ ਰੱਖਿਆ ਜਾਵੇ।

ਤੁਹਾਡੇ ਬੱਚੇ ਦਾ ਟਰੱਸਟ ਮੈਨੇਜਰ ਟਰੱਸਟ ਫੰਡ ਸਬੰਧੀ ਤੁਹਾਡਾ ਮੁੱਖ ਸੋਮਾ ਹੈ। ਉਹ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਟਰੱਸਟ ਫੰਡ ਸਬੰਧੀ ਸਵਾਲਾਂ ਬਾਰੇ ਸਹਾਇਤਾ ਕਰ ਸਕਦੇ ਹਨ, ਤੁਹਾਡੇ ਬੱਚੇ ਨੂੰ ਆਰਥਿਕ ਆਜ਼ਾਦੀ ਲਈ ਅਤੇ ਕਮਿਉਨਿਟੀ ਦੇ ਸੋਮਿਆਂ ਬਾਰੇ ਤਿਆਰ ਕਰ ਸਕਦੇ ਹਨ। ਕਦੇ ਕਦੇ ਅਸੀਂ ਫੰਡ ਦੀ ਵਰਤੋਂ ਸਬੰਧੀ ਅਜਿਹੇ ਫੈਸਲੇ ਵੀ ਕਰ ਸਕਦੇ ਹਾਂ ਜਿਨ੍ਹਾਂ ਨਾਲ ਤੁਹਾਨੂੰ ਪੂਰੀ ਤਸੱਲੀ ਨਾ ਹੋਵੇ। ਕਿਰਪਾ ਕਰਕੇ ਆਪਣੇ ਫਿਕਰ ਆਪਣੇ ਬੱਚੇ ਦੇ ਟਰੱਸਟ ਮੈਨੇਜਰ ਨਾਲ ਵਿਚਾਰੋ। ਜੇ ਤੁਹਾਡੇ ਫਿਕਰ ਖਤਮ ਨਾ ਹੋਣ ਤਾਂ ਕਿਰਪਾ ਕਰੇ ਚਾਈਲਡ ਐਂਡ ਯੂਥ ਸੇਵਾਵਾਂ ਦੇ ਮੈਨੇਜਰ ਨਾਲ ਗੱਲ ਕਰਨ ਦੀ ਮੰਗ ਕਰੋ। ਜੇ ਫੇਰ ਵੀ ਤੁਹਾਡੀ ਤਸੱਲੀ ਨਹੀਂ ਹੁੰਦੀ, ਤੁਸੀਂ ਫੈਸਲੇ ਦਾ ਰਸਮੀ ਰੀਵਊ ਕਰਵਾਉਣ ਦੀ ਮੰਗ ਕਰ ਸਕਦੇ ਹੋ। ਤੁਹਾਡੇ ਯੋਗਦਾਨ ਦਾ ਹਮੇਸ਼ਾਂ ਸਵਾਗਤ ਹੁੰਦਾ ਹੈ ਅਤੇ ਤੁਹਾਡੀ ਵਲੋਂ ਸਮਾਂ ਕੱਢ ਕੇ ਸਾਡੇ ਨਾਲ ਗੱਲਬਾਤ ਕਰਨ ਲਈ ਧੰਨਵਾਦੀ ਹਾਂ।

assistance trust facts
facts support communication
trust knowledge support facts
explanatio
knowledge information
facts explanation

PUBLIC GUARDIAN
AND TRUSTEE OF
BRITISH COLUMBIA

Suite 700 - 808 West Hastings Street, Vancouver, British Columbia V6C 3L3
ਫੋਨ: 604.775.3480 ਫੈਕਸ: 604.775.5095 ਵੈੱਬਸਾਈਟ: www.trustee.bc.ca

A Guide To Working With The Public Gurdian and Trustee
[Punjabi]